# ਜਦੋਂ ਪਰਿੰਦੇ ਪਰਤਣ ਗੇ...

## ਇਸੇ ਕਲਮ ਤੋਂ:-

**ਕਹਾਣੀ ਸੰਗ੍ਰਹਿ:**

ਤਣਾਵਾਂ, ਪੰਜ ਮਰਲੇ ਜ਼ਮੀਨ, ਦਾਇਰੇ ਵਿਚਕਾਰਲਾ ਦਾਇਰਾ, ਸੱਚ ਕਿੱਥੇ ਸੀ...?, ਪਰ ਫੇਰ ਵੀ, ਆਪਣੇ ਹਿੱਸੇ ਦਾ ਸੱਚ, ਇਕ ਨਸ਼ਤਰ ਹੋਰ, ਗੁਮਰਾਹ ਪਾਂਧੀ, ਸੂਰਜ ਦੀ ਪਹਿਲੀ ਕਿਰਨ (ਐਨ.ਬੀ.ਟੀ.)।

**ਕਾਵਿ ਸੰਗ੍ਰਹਿ:**

ਆਪਣੀ-ਆਪਣੀ ਜੂਹ, ਅੱਥਰੇ ਘੋੜੇ ਵਾਂਗ, ਘਰ ਪਰਤਣ 'ਤੇ, ਜਦੋਂ ਪਰਿੰਦੇ ਪਰਤਣ ਗੇ...।

**ਆਲੋਚਨਾ:**

ਕਾਵਿ ਪਰਤਾਂ, ਕਥਾ ਵਾਰਤਾ।

**ਸੰਪਾਦਨਾ:**

ਆਬਸ਼ਾਰ, ਸਾਏ ਹਮਸਾਏ, ਅਜੋਕੀਆਂ ਕਥਾਵਾਂ (ਕਹਾਣੀ ਸੰਗ੍ਰਹਿ), ਰਾਣੀ ਚੰਦਰਾਵਤੀ ਤੇ ਭੀਂਗਾ ਰਾਜਾ (ਲੋਕ-ਕਹਾਣੀਆਂ), ਰਚਨਾ-ਸਮਾਲੋਚਨਾ।

**ਅਨੁਵਾਦ:**

ਇਕ ਕਿਸਾਨ ਤੇ ਚਾਰ ਠੱਗ (ਐਨ.ਬੀ.ਟੀ.), ਫ਼ੰਦੀ (ਹਿੰਦੀ ਨਾਟਕ), ਡਾ. ਸ਼ੰਕਰ ਸ਼ੇਸ਼, ਮਕਾਨ (ਡੋਗਰੀ ਨਾਵਲ), ਓ.ਪੀ. ਸ਼ਰਮਾ ਸਾਰਥੀ, ਬਰਲਨ ਦੀ ਦੀਵਾਰ (ਡੋਗਰੀ ਕਹਾਣੀਆਂ), ਡਾ. ਓਮ ਗੋਸਵਾਮੀ, ਲੱਲ ਦੈਦ (ਡੋਗਰੀ ਨਾਵਲ) ਵੇਦ ਰਾਹੀ।

# ਜਦੋਂ ਪਰਿੰਦੇ ਪਰਤਣ ਗੇ...

(ਕਾਵਿ ਸੰਗ੍ਰਹਿ)

**ਇੱਛੂਪਾਲ**

# Jadio Prinday Partan Gay

(Collection of Poems)

*by*

**Ichhupaul**

Vill. Deharan, B.P.O. Kangrail (Akhnoor Road)

Tehsil And Distt. Jammu, INDIA - 181206

Ph. : 0191-2615293, Mob. : 094197-95923

2011

Published by Lokgeet Parkashan

S.C.O. 26-27, Sector 34 A, Chandigarh-160022

Ph.0172-5077427, 5077428

Punjabi Bhawan Ludhiana,

98154-71219

*visit us at : www.unistarbooks.com*

Type Setting & Design PCIS

Printed & bound at Unistar Books (Printing Unit)

11-A, Industrial Area, Phase-2, Chandigarh (India)

98154-71219

© , *2011*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

# ਸਮਰਪਣ

ਸਰਵਾ ਬਾਨੋ ਤੇ ਡਾਲੀ
ਦੇ ਨਾਂ

# ਤਤਕਰਾ


| | | |
|---|---|---|
| 1. | ਜਦੋਂ ਪਰਿੰਦੇ ਪਰਤਣ ਗੇ... | 11 |
| 2. | ਸਿੰਮ | 12 |
| 3. | ਠਾਰ | 14 |
| 4. | ਕਿੱਸੇ | 17 |
| 5. | ਮੁਗ਼ਲਾਈ ਗੇਟ | 20 |
| 6. | ਜੋੜ-ਤੋੜ | 23 |
| 7. | ਯਾਦਾਂ | 24 |
| 8. | ਅਤੀਤ | 25 |
| 9. | ਸਿਰਨਾਵਾਂ | 27 |
| 10. | ਮਾਂ | 28 |
| 11. | ਦੋ ਸਹੇਲੀਆਂ ਦਾ ਸੰਵਾਦ | 30 |
| 12. | ਰਾਤ ਤੇ ਚਾਨਣੀ | 32 |
| 13. | ਦੂਰੀ | 33 |
| 14. | ਦੀਵਾਨਗੀ | 34 |
| 15. | ਛੱਲਾਂ | 36 |
| 16. | ਸਜਦਾ | 37 |
| 17. | ਮਖੌਟਾ | 38 |
| 18. | ਅੰਤਰ-ਦਵੰਧ | 39 |
| 19. | ਸੇਕ | 40 |
| 20. | ਪਰਤਣ 'ਤੇ | 41 |
| 21. | ਹਥੌੜਾ | 42 |
| 22. | ਪ੍ਰਵਾਜ਼ | 43 |
| 23. | ਰੇਤ ਛਲ | 44 |

| | | |
|---|---|---|
| 24. | ਬਾਤਾਂ | 45 |
| 25. | ਤਲਾਸ਼ | 46 |
| 26. | ਕੈਦ | 47 |
| 27. | ਜ਼ਖ਼ਮ | 48 |
| 28. | ਠਲ੍ਹਣਾ | 49 |
| 29. | ਮਲਬੇ ਹੇਠਾਂ | 50 |
| 30. | ਨਵਿਰਤ | 51 |
| 31. | ਕਸ਼ਿਸ਼ | 52 |
| 32. | ਭਾਵਨਾ | 53 |
| 33. | ਸ਼ੈਦਾਈ | 54 |
| 34. | ਕੌਣ | 55 |
| 35. | ਵਾਸਾ | 56 |
| 36. | ਮੰਥਨ | 57 |
| 37. | ਗੁਆਚਣਾ | 58 |
| 38. | ਕਣੀਆਂ | 59 |
| 39. | ਬੀਜ | 60 |
| 40. | ਉਡੀਕ | 61 |
| 41. | ਸਿਰਜਕ | 62 |
| 42. | ਪੁਲ | 63 |
| 43. | ਭਾਲ | 64 |
| 44. | ਗੂੰਜ | 65 |
| 45. | ਮੁਹੱਬਤ | 66 |
| 47. | ਗਹਿਰਾਈਆਂ ਵਿਚ | 68 |
| 47. | ਉਹਲਾ | 69 |
| 48. | ਪਗਡੰਡੀ | 70 |
| 49. | ਕੈਦ | 71 |
| 50. | ਮੈਂ ਤੇ ਬੁੱਤ | 72 |

| | | |
|---|---|---|
| 51. | ਮੁਹੱਬਤ | 73 |
| 52. | ਬਿਹਬਲ | 75 |
| 53. | ਤਸਵੀਰ | 76 |
| 54. | ਛੋਹ | 77 |
| 55. | ਨਿਰਸੰਗ | 78 |
| 56. | ਅਨੰਤ | 79 |
| 57. | ਸੰਬੰਧ | 80 |
| 58. | ਯਾਦਾਂ | 81 |
| 59. | ਪਰਵਾਨਾ | 82 |
| 60. | ਘਰ ਤੇ ਪਰੰਪਰਾ | 83 |
| 61. | ਪ੍ਰੀਤ | 84 |
| 62. | ਭਰਪੂਰ | 85 |
| 63. | ਵਜੂਦ | 86 |
| 64. | ਮੈਂ ਬੇਪਰਵਾਹ ਜੇਹਾ | 87 |
| 65. | ਦੂਰ ਨੇੜੇ | 89 |
| 66. | ਹਨੇਰਾ | 90 |
| 67. | ਸਮਾਧੀ | 91 |
| 68. | ਯੰਤਰ | 92 |
| 69. | ਵੇਗ | 93 |
| 70. | ਅਧੂਰੀ | 94 |
| 71. | ਮੈਂ ਵਿਚ ਤੂੰ | 95 |
| 72. | ਗੁਆਚਿਆ ਜੇਹਾ ਕੁਝ | 96 |
| 73. | ਭਾਲ | 97 |
| 74. | ਰਾਗ | 98 |
| 75. | ਰੂਹ | 99 |
| 76. | ਯਾਦ | 100 |
| 77. | ਸੰਵਾਦ-1 | 101 |

| | | |
|---|---|---|
| 78. | ਸੰਵਾਦ-2 | 102 |
| 79. | ਗੁਲਾਬ | 103 |
| 80. | ਬੂੰਦਾਂ | 104 |
| 81. | ਇਤਿਹਾਸ-1 | 105 |
| 82. | ਇਤਿਹਾਸ-2 | 106 |
| 83. | ਹਥਿਆਰ | 107 |
| 84. | ਗੂੰਜ | 108 |
| 85. | ਪੁਤਲੇ | 109 |
| 86. | ਉਸਾਰੀ | 110 |
| 87. | ਗੁਨਾਹ | 111 |
| 88. | ਮਤ ਭੇਦ | 112 |
| 89. | ਪਿੱਛਲਝਾਤੀ | 113 |
| 90. | ਜਸ਼ਨ | 114 |
| 91. | ਨਿਹੱਥਾ | 115 |
| 92. | ਕੈਦ | 116 |
| 93. | ਸ਼ਰੀਕਾ | 117 |
| 94. | ਡਰ | 118 |
| 95. | ਮਹਾਨ | 119 |
| 96. | ਰੰਗ | 120 |
| 97. | ਜੋਗ ਤੇ ਭੋਗ | 121 |
| 98. | ਓੜਨੀ | 122 |
| 99. | ਅਰਥ | 123 |
| 100. | ਪਰਛਾਵੇਂ | 124 |
| 101. | ਫ਼ਿਤਰਤ | 125 |
| 102. | ਘਰ | 126 |
| 103. | ਮੁਹੱਬਤ ਦੀ ਖੇਡ | 127 |
| 104. | ਵਹਿਣ | 128 |

## ਜਦੋਂ ਪਰਿੰਦੇ ਪਰਤਣ ਗੇ...

ਜਦੋਂ ਪਰਿੰਦੇ ਪਰਤਣ ਗੇ
ਮੰਗਣ ਗੇ
ਤੈਥੋਂ
ਜੀਵਨ ਦਾਨ
ਹ.ਫ਼ੇ ਹੋਏ ਪਰਿੰਦੇ
ਲਿਲਕੜੀਆਂ ਲੈਂਦੇ
ਪੰਜਿਆਂ ਦੇ ਨਹੁੰਆਂ ਨਾਲ
ਮਿੱਟੀ ਖੁਰਚਦੇ!
ਅਤੀਤ ਵਿਚ
ਉਨ੍ਹਾਂ ਦੀ ਜ਼ਿੰਦਗੀ ਦਾ ਸ਼ਿਕਾਰ
ਹੋਈਆਂ ਲੋਥਾਂ
ਲੱਥ-ਪੱਥ
ਹੋਈਆਂ
ਖ਼ੂਨ ਨਾਲ
ਤਰਸਦੀਆਂ
ਬੂੰਦ ਪਾਣੀ ਲਈ।
ਉਨ੍ਹਾਂ ਨੂੰ ਹੱਕ ਕਿਸ ਨੇ ਦਿੱਤਾ
ਬੇ-ਦੋਸ਼ੇ ਦੇ ਪ੍ਰਾਣ-ਹਰਣ ਦਾ
ਸਜ਼ਾ ਤੇ ਇੰਨ੍ਹਾਂ ਨੂੰ ਮਿਲੇ
ਬਹਾਏ ਹੋਏ
ਮਾਨਵੀ ਖ਼ੂਨ ਦੀ ਇਕ ਇਕ ਬੂੰਦ ਦਾ
ਇਹ ਤੂੰ ਵੀ ਜਾਣਦਾ ਏਂ
ਕਿ ਖ਼ੂਨ ਦਾ ਬਦਲਾ ਖ਼ੂਨ
ਇਸੇ ਜੁਰਮ ਨੂੰ
ਭੋਗੇਂ ਗਾ ਤੂੰ ਵੀ
ਪਰਿੰਦੇ ਪਰਤ ਆਏ ਨੇ।

• •

## ਸਿੰਮ

ਹਰ ਰੋਜ਼
ਈਜ਼ਲ ਮੂਹਰੇ
ਅੱਖਾਂ ਅੱਡੀਆਂ
ਚਿੱਤ ਅੰਦਰ
ਇਕ ਚਿੱਤਰ ਨੂੰ
ਚਿਤਰਦਾ ਹੋਇਆਂ
ਅਨੇਕਾਂ ਰੰਗਾਂ 'ਚ
ਗੋਤੇ ਲਾ ਰਿਹਾ ਹੁੰਦਾ ਹਾਂ।
ਇਕ ਅਜੀਬ ਜੇਹੀ ਸੁਗੰਧ
ਮੇਰੇ ਆਲੇ ਦੁਆਲੇ
ਬਿਖਰੀ ਹੁੰਦੀ ਹੈ,
ਮੈਂ
ਆਪ ਮੁਹਾਰੇ
ਹੌਲੀ ਹੌਲੀ ਸਿੰਮਦਾ ਜਾਂਦਾ ਹਾਂ
ਸੁਗੰਧਿਤ ਹੁੰਦਾ ਹਾਂ
ਇਹ ਖੁਸ਼ਬੂ
ਕਈ ਵਰ੍ਹਿਆਂ ਤੋਂ
ਮੇਰੇ ਆਲੇ ਦੁਆਲੇ ਬਿਖਰੀ ਏ
ਮੈਂ
ਗਲੀ 'ਚ ਅੱਪੜ ਆਉਂਦਾ ਹਾਂ
ਤੇਰੇ ਸਿਰ 'ਤੇ
ਪੰਡ ਵੇਖ
ਗਲੀ ਦੇ ਚਿੱਕੜ 'ਚੋਂ
ਖੜਾਵਾਂ ਦੀ ਖੜ੍ਹ ਖੜ੍ਹ
ਇਕ ਸੰਗੀਤਕ ਲੈਅ

ਮੈਨੂੰ ਕਵਿਤਾ ਰਚਨ ਨੂੰ ਕਹਿੰਦੀ
ਐਪਰ
ਮੇਰਾ ਕੈਨਵਾਸ
ਬੁਰਸ਼ ਤੇ ਰੰਗ
ਪਾਣੀ ਅੰਦਰ ਘੁਲੇ ਘਲਾਏ ਰਹਿ ਜਾਂਦੇ!
ਤੇਰਾ ਚਿਹਰਾ ਮੂਹਰਾ
ਚਿੱਤਰ, ਕੈਨਵਾਸ ਤੇ ਮੈਂ
ਉਡੀਕਵਾਨ ਬਣ ਜਾਂਦੇ
ਤੇਰੀਆਂ ਖੜਾਵਾਂ ਦੀ ਖੜਕਾਰ
ਚਿਕੜ 'ਚ ੦ਛੜੱਪ-ਛੜੱਪ ਕਰਦੀ
ਤੂੰ
ਖੌਰੇ ਕਦੋਂ ਦੀ
ਗਲੀ ਲੰਘ ਜਾਂਦੀ
ਤੇ
ਮੈਂ ਆਪਣੀ ਡੱਬ ਤੇ
ਅਮੁੱਕ ਖੜ੍ਹਾ
ਵੇਖਦਾ ਰਹਿੰਦਾ ਹਾਂ
'ਤੇ ਤੇਰੀ ਖ਼ੁਸ਼ਬੂ ਅੰਦਰ
ਹੌਲੀ-ਹੌਲੀ
ਸਿੰਮਦਾ ਜਾਂਦਾ
ਕੇਵਲ ਸਿੰਮਦਾ।

• •

## ਠਾਰ

ਉਹ
ਆ ਬੈਠੀ ਏ
ਚੁੱਪ ਚਾਪ
ਕੋਸੀ ਕੋਸੀ
ਧੁੱਪ ਸੇਕਣ ਨੂੰ।

ਕਦੀ
ਢਹਿ ਪੈਂਦੀ ਏ
ਅਣਕਸੇ ਮੰਜੇ ਤੇ
ਗੁਛਾ-ਮੁਛਾ ਹੋਈ
ਕਦੀ ਪਿਠ ਪਰਤਦੀ
ਧੁੱਪ ਲਾਉਂਦੀ,
ਪਰ ਠੰਡੀ ਪੌਣ
ਠਾਰ ਦੇਂਦੀ
ਉਹਦਾ ਸਾਰਾ ਜਿਸਮ।

ਮੋਟੀਆਂ-ਮੋਟੀਆਂ
ਕਮਜ਼ੋਰ ਅੱਖਾਂ ਤੇ
ਮੋਟੇ ਸ਼ੀਸ਼ੇ ਐਨਕ ਦੇ
ਪਰ
ਕੁਝ ਨਹੀਂ ਦਿਸਦਾ,
ਕੇਵਲ
ਧੁੰਦਲਾ ਜਿਹਾ।
ਕਦਮਾਂ ਦੀ ਚਾਪ ਤੇ
ਜਾਂ
ਬੋਲਾਂ ਤੋਂ

ਪਛਾਣ ਲੈਂਦੀ
ਕੌਣ ਆਏ!

ਆਪ ਮੁਹਾਰੇ
ਅੱਖਾਂ ਨਿਮ ਹੋ ਜਾਂਦੀਆਂ
ਹਾਲ ਚਾਲ ਪੁਛਣ ਤੇ
ਜਵਾਨ ਜਹਾਨ
ਗੰਦਲ ਵਰਗੀ
ਬਹੂ ਨੂੰ ਵੇਖਦਿਆਂ
ਚੁੱਪ ਚਾਪ
ਜਰ ਲੈਂਦੀ
ਉਹਦਾ ਰੰਡੇਪਾ
ਨਿਕੇ ਬਾਲਾਂ ਸੰਗ
ਕਰ ਲੈਂਦੀ
ਮਸ਼ਕਰੀਆਂ।
ਮਿਲਣ ਆਏ ਨੂੰ
ਆਪਣੇ ਜਾਣ ਦੀ
ਬਾਰੀ ਦਸਦੀ,
ਪਰ
ਇਹ ਤਾਂ ਭੋਗਣਾ ਸੀ
ਇਸ ਉਮਰੇ,
ਕਦੀ ਕਦੀ
ਆਪਣੇ ਆਸ਼ਾਨੇ ਨੂੰ
ਘੂਰਦੀ...
ਇਕ ਇਕ ਤੀਲੇ ਨੂੰ
ਇਕੱਠਾ ਕਰਨ ਦੇ
ਉਨ੍ਹਾਂ ਪਲਾਂ ਨੂੰ ਚਿਤ 'ਚ ਸਾਂਭੀ ਬੈਠੀ

ਚੇਤੇ ਕਰ ਲੈਂਦੀ।
ਪੋਤਾ ਪੋਤੀ
ਉਹਦੀ ਬੁਕਲ 'ਚ
ਆ ਲੁਕਦੇ
ਐਪਰ
ਕੁਝ ਪਲ
ਬੁਲਾਂ ਤੇ ਮੁਸਕਾਨ
ਲੈ ਆਉਂਦੀ
ਅਤੇ
ਘੜੀਆਂ ਪਲ
ਗਿਣਦੀ ਉਣਦੀ
ਅਧੂਰੇ ਕੰਮਾਂ ਨੂੰ
ਸੰਪੂਰਨ ਲਈ
ਆਸਰਾ ਲਬਦੀ ਫਿਰਦੀ
ਕੋਸੀ-ਕੋਸੀ ਧੁੱਪ ਵਾਂਗ
ਅੱਖਾਂ ਗੇਟ ਵੱਲ
ਕੰਨ ਚੁਕੰਨੇ ਧਰ ਕੇ
ਉਦਾਸ
ਹੋਰ ਉਦਾਸ
ਪਰ
ਠੰਡੀ ਪੌਣ
ਉਹਨੂੰ ਹੋਰ ਵੀ
ਠਾਰ ਜਾਂਦੀ
ਸੋਚਦੀ
ਇਹ ਪੌਣ
ਮੇਰਾ ਹੀ ਜਿਸਮ
ਕਿਉਂ
ਠਾਰਦੀ ਏ!!

• •

## ਕਿੱਸੇ

ਅਜੇ ਵੀ ਚੇਤੇ ਨੇ
ਗੂੰਜਦੀ ਬਦਲੀ ਦੇ
ਲਿਸ਼ਕਵੀਂ ਬਿਜਲੀ,
ਤੇ
ਸਰਕਾਰੀ ਰੈਸਟ ਹਾਊਸ
ਬੀਆਬਾਨ ਜੰਗਲ
ਕੱਚੀ ਸੜਕ ਤੇ ਕਾਰ
ਝੋਲ ਖਾਂਦੀ ਹੋਈ
ਵਿੰਗ-ਤੜਿੰਗੇ ਮੋੜ
ਉੱਚੇ-ਲੰਮੇ
ਅਸਮਾਨ ਨਾਲ ਗੱਲਾਂ ਕਰਦੇ
ਚੀੜ ਦੇਵਦਾਰ ਦੇ ਰੁੱਖ।
ਕਿਸੇ,
ਅਜੇ ਵੀ ਚੇਤੇ ਨੇ
ਤੇਰਾ ਮੂੰਹ ਮੋੜਨਾ
ਝੱਟ
ਪਿੱਛੇ ਹੱਟ ਜਾਣਾ
ਇੰਝ ਬਦਲਦੀ ਹੋਈ ਤੂੰ
ਜੰਗਲ ਵਿਚਲੇ ਮੰਗਲ ਅੰਦਰ
ਗੈਸਟ ਹਾਊਸ ਦਾ ਉਹ ਕਮਰਾ
ਸੱਚ-ਤੂੰ
ਮੁੱਖ ਮੋੜ ਲਿਆ ਏ
ਤੇ ਹੁਣ
ਜਾ ਅਪੜੀ
ਨਦੀ ਕਿਨਾਰੇ
ਗੈਸਟ ਹਾਊਸ ਅੰਦਰ

ਆਬਸ਼ਾਰਾਂ ਸੰਗ
ਆਬੀ ਮਹਿਕਮਾ
ਮੱਛੀਆਂ ਦਾ ਸਵਾਦ
ਸੱਚ ਮੱਛੀਆਂ ਸਵਾਦਲੀਆਂ
ਲਗਦੀਆਂ ਨੇ ਤੈਨੂੰ,
ਤਿੱਤਰ ਬਟੇਰਿਆਂ ਤੋਂ ਵੱਧ
ਅਕਸਰ ਤੂੰ
ਮਹੀਵਾਲ ਦੇ ਪੱਟ ਦੀ ਮਛਲੀ
ਦਾ ਜ਼ਿਕਰ ਕਰਦੀ ਰਹਿੰਦੀ ਏਂ।
ਪਰ- ਅਜੋਕੇ
ਮਾਹੀਵਾਲ, ਮਜਨੂੰ ਤੇ ਫ਼ਰਹਾਦ
ਕੀ ਜਾਣਨ,
ਹੁਣ ਤੇ
ਤੇਰੇ ਪਾਸ ਵੀ
ਕੇਵਲ
ਖਿਲਰੇ ਹੋਏ ਕੇਸ
ਢੱਲ੍ਹਿਆ ਸਰੀਰ
ਬਨਾਵਟੀ ਚਿਹਰਾ
ਅੰਦਰ ਲੁਕੀ ਕੁੜੱਤਣ
ਮਟਮੈਲੇ ਦੰਦਾਂ ਦਾ ਹਾਸਾ
ਹੀ ਤਾਂ ਬਚਿਆ ਹੈ
ਤੇਰੇ ਪਾਸ।

ਕਿਸੇ ਚੇਤੇ ਨੇ
ਜਦੋਂ ਭੰਵਰੇ
ਸ਼ਹਿਰੀ ਹੋਟਲਾਂ
ਰੈਸਟ ਤੇ ਗੈਸਟ ਹਾਊਸਾਂ
ਸਰਕਾਰੀ ਕਾਰਾਂ
ਲੰਬੀ ਡਰਾਇਵ

ਤੇ
ਨਿਘੀ ਗੋਦ 'ਚ
ਤੇਰਾ ਸਿਰ
ਮੂੰਹ 'ਚ
ਲਾਲੀ ਪਾਪ ਦੀ ਮਿਠਾਸ
ਇਹ ਕਿੱਸੇ
ਹਵਾਵਾਂ ਤੇ ਲਿਸ਼ਕਣੀ ਬਿਜਲੀ
ਚੇਤੇ ਕਰਾ ਦੇਂਦੀ ਏ।

ਤੇਰਾ ਮੁਹਾਂਦਰਾ
ਪਵਨ-ਪਾਣੀ
ਬੇ-ਜਾਨ ਸੜਕ
ਥਾਂ-ਥਾਂ ਦੇ ਮੀਲ ਪੱਥਰ
ਕਾਰ ਦਾ ਮੀਟਰ
ਸਾਰੇ ਹੀ ਤਾਂ
ਗਵਾਹੀਆਂ ਭਰਦੇ ਨੇ
ਤੇਰੇ ਕਿੱਸਿਆਂ ਦੀ
ਹੁਣ ਤੂੰ ਤੇ
ਪ੍ਰਾਂਤ ਵੀ ਬਦਲ ਲਏ
ਐਪਰ
ਤੇਰੀਆਂ ਭਾਵਨਾਵਾਂ ਦੀ ਪਕੜ
ਉਹ ਨਹੀਂ ਰਾਹੀ
ਕਿੱਸੇ ਯਾਦਾਂ ਬਣ-ਬਣ
ਰੈਸਟ, ਗੈਸਟ ਹਾਊਸ
ਹੋਟਲ ਤੇ ਰੈਸਟੋਰੇਂਟਾਂ 'ਚ
ਬੁੱਤ ਬਣ
ਚੇਤੇ ਕਰਾ ਰਹੇ ਨੇ
ਐਪਰ ਤੇਰੇ ਕਿੱਸੇ
ਥੰਮਦੇ ਨਹੀਂ।

• •

## ਮੁ.ਗਲਾਈ ਗੇਟ

ਮੈਂ ਤੇ ਮੈਂ
ਮੈਂ ਤੇ ਮੈਂ ਵਿਚ
ਮੈਂ
ਵਿਚਰਦਾ ਹੋਇਆ
ਤੇਰੇ ਵਿਸ਼ਰਾਮ ਘਰ ਦੀ
ਪਗਡੰਡੀ ਤੇ ਤੁਰ ਪਿਆਂ
ਫੁੱਲਾਂ ਫ਼ਲਾਂ ਨਾਲ ਲੱਦੇ
ਤੇਰੇ ਮਹਿਲ ਅੰਦਰ
ਆਪ ਮੁਹਾਰੇ ਲੰਘ ਆਇਆ ਹਾਂ।

ਭੁਲ ਗਿਆਂ
ਤੇਰੇ ਗ਼ਲਾਈ ਗੇਟੀ ਦੀ
ਘੰਟੀ ਵਜਾਉਣਾਂ
ਭਲਾ
ਇਸ ਸੰਕੇਤ ਦਾ
ਮੇਰੇ ਵਰਗੇ ਨੂੰ ਕੀ ਪਤਾ ?
ਮੈਂ ਤੇ
ਸਾਂਝ 'ਚ ਖੀਵੀਆਂ ਹੋਇਆ
ਗੇਟ ਖੋਲ੍ਹ ਕੇ ਆ ਹੀ ਗਿਆਂ
ਮੈਂ ਕੇਵਲ
ਆਪਣੇ ਤੇ ਤੇਰੇ ਰਿਸ਼ਤੇ 'ਚ
ਅਸਭਿਆ ਹੋਇਆ ਸਾਂ।
ਤੇਰੀ
ਨਾਂ ਤੱਖਤੀ
ਉਂਞ ਲਟਕੀ ਸੀ ਕੰਧ ਨਾਲ

ਮੈਂ
ਮੈਂ ਅੰਦਰ ਹੀ
ਤੇਰੀ ਦਹਿਲੀਜ਼
ਟੱਪ ਆਇਆਂ,
ਐਪਰ
ਰੁਕਿ ਗਿਆਂ
ਇਕ ਗਰਜਵੀਂ ਜ਼ਨਾਨਾ ਆਵਾਜ਼ ਸੁਣ
ਕੌਣ ਏਂ ਭਾਈ ?
ਕਿਸ ਨੂੰ ਮਿਲਣੈਂ ?
ਤੇਰੀ ਅਪਾਂਇੰਟਮੈਂਟ ਹੈ ?
ਉਹ ਤੀਵੀਂ
ਤੇਰੀ ਹਮਸਫ਼ਰ ਲਗੀ।
ਮੈਂ
ਮੈਂ 'ਚੋਂ ਨਿਕਲ ਆਇਆਂ
ਭੁੱਲ ਬੈਠਾਂ
ਤੇਰਾ ਸਾਥੀ ਹੋਣਾ
ਹਮ ਖ਼ਿਆਲੀ
ਵਿਚਾਰਧਾਰਾ !
ਮੈਂ
ਮੈਂ 'ਚ
ਪਰਤਣ ਲੱਗਾਂ
ਸ਼ਿਖਰ ਦੁਪਹਿਰ
ਕੜਕਵੀਂ ਧੁੱਪ
ਨਿੱਕਾ ਜੇਹਾ ਬਿਰਖ
ਕੀ ਆਸਰਾ ਦੇਵੇ ਗਾ

ਸੜ ਰਹੇ
ਸਮਾਜ ਸੇਵਕ ਨੂੰ!

ਸੱਚ
ਤੂੰ ਅਜੇਹੇ ਵੀ
ਗੁੱਲ ਖਿੜਾਵੇਂ ਗਾ!

ਮੈਂ
ਮੈਂ ਅੰਦਰ ਹੀ
ਝੁਲਸਦਾ ਹੋਇਆ
ਭੱਖ ਦੁਪਹਿਰੇ
ਪੱਗ ਡੰਡੀ
ਤੇ
ਤੇਰਾ ਮੁਗ਼ਲਾਈ ਗੇਟ
ਟੱਪ ਆਇਆਂ
ਆਪਣੇ
ਅੰਦਰ ਦੇ
ਮੈਂ 'ਚ ਹੀ
ਮੈਂ ਅੰਦਰ
ਸਿਮਟਦਾ ਹੋਇਆ

• •

## ਜੋੜ-ਤੋੜ

ਖਿਲਰੀਆਂ ਪਈਆਂ ਤੀਲੀਆਂ ਨੂੰ
ਇਕੱਠਾ ਕਰਦਿਆਂ
ਇੱਕ ਟੀਸ ਉਠਦੀ ਏ
ਇਕ ਝੁਣਕ ਲਗਦੀ ਏ
ਤਨ ਮਨ ਅੰਦਰ,
ਜਿਵੇਂ ਕੋਈ
ਮੋਢਾ ਦੇਂਦਾ ਹੈ
ਸਿਵਿਆਂ 'ਚ ਜਾਣ ਲਈ!
ਜ਼ਿੰਦਗੀ ਦਾ ਸੱਚ
ਤੋੜ ਰਿਹਾ
ਬਰੀਕ ਤੰਦਾਂ ਦੀ ਸੜਾਂਦ
ਸਾੜ ਰਹੀਆਂ ਨੇ ਤਲੀਆਂ,
ਇਸ ਚਿੜਚਿੜੇ ਪਨ 'ਚ
ਅੰਦਰ ਦੀ ਉਠੀ ਟੀਸ
ਦਬਦੀ ਨਹੀਂ
ਤੇ
ਹਰ ਪਲ
ਉੱਠ ਖਲੋਂਦਾਂ
ਨਵੇਂ ਹੀਲੇ ਨੂੰ ਤਲਾਸ਼ਦਾ ਹੋਇਆ
ਅੰਦਰ ਹੀ ਅੰਦਰ
ਜਿਵੇਂ ਕੁਝ ਜੋੜ ਰਿਹਾ!

• •

## ਯਾਦਾਂ

ਸਕੂਲੋਂ ਮੁੜਦਿਆਂ
ਉਹਦੀ ਬਾਂਹ ਫੜ ਲੈਂਦਾ
ਚਟਕ ਜਾਂਦੀ ਚੂੜੀ
ਚੁੱਭ ਜਾਂਦੀ
ਉਹਦੀ ਬਾਂਹ
ਤੇ ਮੇਰੇ ਹੱਥ ਵਿਚ
ਲਹੂ ਨਾਲ ਲਹੂ
ਕਲੋਲ ਕਰਦਾ
ਇੱਕ ਹੋਣ ਦਾ
ਦੰਮ ਭਰਦਾ।
ਉਹ
ਹੱਸਦੀ ਹੋਈ ਚਲ ਪੈਂਦੀ
ਅਗਾਂਹ ਨੂੰ
ਤੇ
ਅਤੀਤ ਬਣ ਜਾਂਦੀ
ਮੈਂ
ਹੋਲੀ-ਹੋਲੀ
ਭੁੱਲ ਜਾਂਦਾ
ਬਚਪਨ
ਖੌਰੇ ਕਿਵੇਂ
ਅਰਧ ਚੇਤਨਾ ਅੰਦਰ
ਸਾਂਭੀ ਬੈਠਾਂ
ਮਨ ਹੀ ਮਨ ਮੁਸਕ੍ਰਾਂਦਾ ਹੋਇਆ
ਅਧੂਰੇ ਮਨ ਅੰਦਰ
ਉਹਨੂੰ ਭਾਲਦਾ ਹੋਇਆ।

• •

## ਅਤੀਤ

ਚਿਤਵ ਲੈਂਦਾਂ
ਰੋਜ਼ ਹੀ
ਇੱਕ ਨਵਾਂ ਸੁਪਨਾ
ਤੇ ਜਾ ਲੜਨ ਬਹਿੰਦਾ
ਚਾਰ ਦਹਾਕੇ ਪਿੱਛੇ
ਕੰਤੂ, ਮਿੰਨੇ ਤੇ ਕੁੱਲੇ ਨਾਲ
ਜੀਤੋ, ਕਵੀ, ਹਾਣੀ ਤੇ ਆਗਿਆ
ਸੰਗ-ਸੰਗ ਹੁੰਦੀਆਂ

ਛੁਪਨ-ਛਪਾਈ ਦੀ ਖੇਡ ਤੋਂ
ਕਾਠ ਕਠੂਆਂ ਤੀਕਣ
ਮੋਹ ਪਿਆਰ 'ਚ ਭਿੱਜੇ
ਨਜਿੱਠ ਲੈਂਦੇ ਆਪੋ ਆਪਣੇ ਹਾਣੀਂ
ਖੇਡ-ਖੇਡ ਅੰਦਰ
ਘਰ ਬਣਦਾ
ਐਪਰ
ਗਰਜਵੀਂ ਆਵਾਜ਼ ਤੇ
ਸਾਡੀ ਖੇਡ ਮੁਕ ਜਾਂਦੀ
'ਤੇ, ਢਹਿ ਢੇਰੀ ਹੋਇਆ
ਚਿਤਵਦਾ ਹੋਇਆ

ਅੱਪੜ ਆਉਂਦਾ
ਪੰਜਵੇਂ ਦਹਾਕੇ ਮੂਹਰੇ
ਮਮਤਾ ਤੇ ਮੋਹ ਮਾਇਆ ਅੰਦਰ
ਸਵਾਰਥ ਤੇ ਮੋਹ 'ਚ ਭਿੱਜੇ
ਦੇ ਦੇਂਦੇ ਸਭ ਕੁਝ
ਕਮਾਇਆ ਲੁਕਾਇਆ ਵੀ
ਨਿਸਲ ਹੋ ਕੇ ਆ ਬੈਠਦਾਂ
ਬਿਸਤਰ ਤੇ ਚੁੱਪ ਚਾਪ
ਅੱਖਾਂ 'ਚ ਚਿਤਵਦਾ ਹੋਇਆ
ਨਵੇਂ-ਨਵੇਂ ਸੁਪਨੇ
ਸੁਪਨਈ ਲਹਿਰਾਂ ਬਹਿਰਾਂ
ਸਮੋ ਲੈਂਦੀਆਂ
ਹੋਸ਼ ਆਣ ਤੀਕਣ।

• •

## ਸਿਰਨਾਵਾਂ

ਮੇਰੇ ਫੜੇ ਜਾਣ ਤੇ
ਮੇਰੀ ਜੇਬ ਚੋਂ
ਤੇਰਾ ਸਿਰਨਾਵਾਂ
ਮਿਲਦੇ ਸਾਰ ਹੀ
ਤਫ਼ਤੀਸ਼ੀ ਨੇ ਕਿਹਾ
ਅੱਖਰਾਂ ਨੂੰ ਸਮਝਿਆ
ਰਮਜ਼ਾਂ ਨੂੰ ਜਾਣਿਆ
'ਤੇ
ਫ਼ੇਰ ਇਹ ਆਖਿਆ
"ਕੋਈ ਸਾਈਂ ਏ,
ਲੁਟੇਰਾ ਨਹੀਂ"
ਲੁਟਾ ਚੁਕਿਆ ਜੋ
ਆਪਣਾ ਤੇਜ
ਧੁੱਪ ਦੁਪਹਿਰੀਂ!
ਪਰਛਾਵਾਂ
ਨਾ ਹੁੰਦਾ ਸਿਰਨਾਵਾਂ
ਡੁੱਬਦੇ ਹੀ ਸੂਰਜ
ਲੰਮਾ ਹੋ ਜਾਣਾ
ਤੇ ਡੁੱਬਣ 'ਤੇ
ਨਜ਼ਰ ਨਾ ਆਵੇ
ਪਰਛਾਵਾਂ।

• •

## ਮਾਂ

ਮਾਂ
ਫ਼ਲੈਟ 'ਚ
ਬਹੁੜਦਿਆਂ ਹੀ
ਹਰੇ ਭਰੇ ਗਮਲੇ
ਸਵਾਗਤ ਲਈ ਨਜ਼ਰ ਆਉਂਦੇ ਨੇ
ਅਪਣਤ ਭਰੀ
ਨਿਕੀ ਜੇਹੀ ਖ਼ੁਸ਼ੀ
ਦੇਂਦੇ ਨੇ ਇਹ ਗਮਲੇ।

ਮਾਂ
ਯਾਦ ਆ ਜਾਂਦਾ ਹੈ
ਤੇਰਾ ਸਾਂਭਿਆ ਸੰਵਾਰਿਆ ਵਿਹੜਾ
ਹਰੀਆਂ ਭਰੀਆਂ ਬੇਲਾਂ ਨਾਲ
ਕੱਜਿਆਂ ਹੋਇਆ ਘਰ।

ਰਾਤ
ਖ਼ੁਸ਼ਬੂ ਨਾਲ ਲਬਰੇਜ਼
ਮੋਤੀਏ ਨਾਲ।

ਯਾਦ ਨੇ ਅਜੇ
ਅੰਬ ਦੇ ਰੁੱਖਾਂ
ਤੇ ਕੋਇਲ,
ਮਾਂ ਚੇਤੇ ਨੇ
ਤੁਲਾਸੀ ਅਤੇ ਗੁੱਟਾ
ਤੈਥੋਂ ਲੈਂਦੇ ਅੰਮ੍ਰਿਤ
ਅੰਮ੍ਰਿਤ ਵੇਲੇ

ਪ੍ਰਕ੍ਰਿਤੀ ਦੀ ਸੇਵਾ ਸਾਂਭ ਲਈ
ਤੇਰੀਆਂ ਦਸੀਆਂ ਗੱਲਾਂ!

ਪਰ ਮਾਂ
ਖੌਰੇ ਅਸੀਂ ਕਿਵੇਂ ਭੁਲ ਗਏ
ਉਸ ਸਾਰੇ ਕਾਸੇ ਨੂੰ
ਬੱਚਿਆਂ ਵਾਂਗੂੰ ਪਾਲੇ ਤੇਰੇ ਰੁੱਖ
ਫ਼ਲਦਾਰ ਵੇਲਾਂ,
ਅਸਾਂ ਭਾਈਆਂ ਮਿਲਕੇ
ਇਕ ਇਕ ਕਰਕੇ
ਵੇਚ ਦਿੱਤੇ
ਸਾਰੇ ਅੰਬ...
ਤੇ ਵੇਚ ਦਿੱਤਾ ਤੇਰਾ ਖਿੜਿਆ ਵਿਹੜਾ
ਖਰੀਦ ਲਏ ਆਪਣੇ ਟੱਬਰਾਂ ਲਈ
ਇੱਕ ਇੱਕ ਫ਼ਲੈਟ।
ਵੇਲਾਂ ਵਾਲੀ ਛੱਤ
ਇਕ ਸੁਪਨਾ ਜਾਪ ਰਹੀ ਏ।
ਤੇਰੀਆਂ ਅੱਖਾਂ ਬੰਦ ਹੁੰਦੇ ਹੀ
ਸਾਡੀਆਂ ਅੱਖਾਂ ਚਮਕ ਉਠੀਆਂ
ਚਾਂਦੀ ਤੇ ਨੋਟ
ਸੱਚ ਮਾਂ
ਇੰਨ੍ਹਾਂ ਨਿਰਦਈ
ਕਿਉਂ ਹੁੰਦਾ ਹੈ ਇਨਸਾਨ?

• •

## ਦੋ ਸਹੇਲੀਆਂ ਦਾ ਸੰਵਾਦ

ਬੁੱਧੀ ਜੀਵੀ
ਮਨ ਲਿਆ ਤੈਨੂੰ
ਜਿਵੇਂ ਤੂੰ ਕਿਹਾ ਸੀ।
ਅਸੀਂ ਬੁੱਧੀ ਜੀਵੀ ਹਾਂ
ਹੇਠਲੀਆਂ ਪੱਧਰਾਂ ਦੀਆਂ ਸੋਚਾਂ
ਤੋਂ ਉਪਰ
ਬਹੁਤ ਉਪਰ
ਸੋਚਣਾ ਹੀ ਨਹੀਂ ਕੇਵਲ
ਫ਼ਰਜ਼ ਨਿਭਾਣਾ ਹੈ
ਦ੍ਰਿੜਤਾ ਨਾਲ।
ਇੱਕ ਜ਼ਿੰਦਗੀ
ਮੈਂ ਵੀ ਦੇ ਦਿੱਤੀ ਏ
ਤੇਰੇ ਲਈ
ਸਭ ਕੁਝ ਭੁਲ ਭਲਾ ਕੇ
ਆਪਣਾ ਧਰਮ ਵੀ।
ਤੇਰੇ ਵਿਹੜੇ 'ਚ
ਤੇਰੇ ਧਾਰਮਿਕ ਤਿਉਹਾਰਾਂ ਨੂੰ
ਸਜਾਉਂਦੀ ਹੋਈ।
ਵਖਤੀ ਘਟਨਾ
ਘਟਦੇ ਸਾਰ ਹੀ
ਤੂੰ ਤੂੰ ਹੋ ਗਈ
ਤੇ
ਮੈਂ ਕਟੀ ਗਈ
ਗ਼ਲਤ ਲਿਖੀ ਇਬਾਰਤ ਵਾਂਗ
ਮੇਟੀ ਗਈ
ਮੈਂ ਧਕੇਲੀ ਗਈ
ਆਪਣੇ ਧਾਰਮਿਕ ਪ੍ਰਾਂਤ ਅੰਦਰ

ਤਿੰਨ ਸੋ ਕਿਲੋ ਮੀਟਰ ਦੂਰ
ਜਾ ਪਹੁੰਚੀ
ਆਂਤਕੀ ਪ੍ਰਾਂਤ ਅੰਦਰ
ਤੇਰੀ
ਬੁੱਧੀ ਜੀਵੀ ਦੀ ਛੁਰੀ
ਬੜੀ ਮਿੱਠੀ ਜਾਪੀ ਏ।
ਮੈਂ ਅਹਿਲ ਚੁੱਪੀ ਅੰਦਰ
ਝਾਕਦੀ ਰਹੀ
ਤੇਰੀਆਂ ਬੁੱਧੀ ਜੀਵੀ ਅੱਖਾਂ ਅੰਦਰ,
ਮਸਲਾ ਤੇਰਾ
ਤੇਰੇ ਧਰਮ ਦਾ
ਜਾਂ ਆਤੰਕੀ ਸੱਚ ਦਾ
ਐਪਰ
ਮੈਂ ਤਾਂ ਕੇਵਲ
ਮਰੀਅਲ ਜੇਹੀ
ਇਕ ਮੁੱਠ ਹੱਡੀਆਂ ਦੀ
ਵੇਖਦੀ ਰਹੀ
ਤੇਰੀ ਫ਼ਰਾਖ਼ ਦਿਲੀ!
ਵਕਤੀ ਝਗੜਾ ਮੁਕ ਗਿਆ।
ਐਪਰ ਤੇਰੇ ਵੱਲ
ਝਾਕਣ ਤੇ
ਅਜੇ ਵੀ ਡਸ ਰਿਹਾ ਏ ਠੂਹਾਂ
ਪਰ ਮੇਰੀਆਂ ਅੱਖਾਂ ਅੰਦਰ
ਚੰਗਿਆੜ ਬਲ ਰਹੇ ਨੇ
ਹੁਣ ਤੇਰਾ
ਬੁੱਧੀ ਜੀਵੀ ਹੋਣਾ
ਮੇਰੇ ਲਈ
ਸਰਾਪ ਏ
ਕੇਵਲ ਸਰਾਪ।

• •

# ਰਾਤ ਤੇ ਚਾਨਣੀ

ਪਹਾੜੀ ਢਲਾਨ
ਚੰਨ ਦੀ ਚਾਨਣੀ
ਮਟਮੈਲੀ ਰੌਸ਼ਨੀ
ਕੋਠੇ ਦਾ ਵਿਹੜਾ
ਜਵਾਨ ਧੀ
ਬੁੱਢੇ ਬਾਪ ਦੇ ਮੋਢੇ ਤੇ ਸਿਰ ਧਰ
ਕਲੋਲ ਕਰਦੀ ਹੋਈ
ਪੁਛ ਰਹੀ ਹੈ
ਪੁਰਖਿਆਂ ਦੀ ਦਾਸਤਾਨ
ਰਾਜਵਾੜਿਆਂ ਦੀਆਂ ਕਹਾਣੀਆਂ
ਅਤਿਆਚਾਰ ਦੀਆਂ ਬਾਤਾਂ!
ਉਹ ਕੀ ਜਾਣੇ
ਅਤਿਆਚਾਰ ਦੀ ਚਾਦਰ
ਉਹਨੂੰ ਵੀ ਲਪੇਟ ਲਵੇ ਗੀ
'ਤੇ
ਬੁਢਾ ਬਾਪ
ਵੇਖਦਾ ਰਹਿ ਜਾਵੇਗਾ
ਅੱਖਾਂ ਮੂੰਦ ਕੇ
ਅੱਥਰੂਆਂ 'ਚ ਡੁਸਕਦਾ!
ਚਾਨਣੀ ਰਾਤ
ਅਬਲਾ ਨਾਰੀ ਦੀ ਬਾਤ
ਬਾਪ ਦੇ ਮੋਢੇ
ਧੀ ਦਾ ਸਿਰ,
ਕਿਹੜੀ ਬਾਤ ਪਾਵੇ
ਹੁਣ
ਬੁੱਢਾ ਬਾਪ...?

• •

## ਦੂਰੀ

ਕਈ
ਪੰਧ ਤਹਿ ਕਰਦਾ ਹਾਂ
ਤੇ
ਕਿਧਰੇ ਤੇਰੀ ਦਸ ਪੈਂਦੀ ਏ
ਮੈਂ
ਚਲ ਪੈਂਦਾ
ਉਸੇ ਪੰਧ 'ਤੇ
ਮੱਧਮ ਜੇਹੀ ਲੋਅ
ਜਿਵੇਂ ਕੋਈ
ਤਿੱਲਸਮੀ ਯੰਤਰ ਹੋਵੇ
ਮੈਂ
ਨਹੀਂ ਜਾਣਦਾ ਦੂਰੀ
ਇਹ ਵੀ
ਨਹੀਂ ਜਾਣਦਾ
ਕਿੰਜ ਅਪੜਾਂ ਗਾ
ਤੇਰੀ ਦੂਰੀ ਨੂੰ
ਤਹਿ ਕਰਦਾ ਹੋਇਆ।

• •

# ਦੀਵਾਨਗੀ

ਤੂੰ ਕਿਹਾ ਸੀ
ਬਦਲ ਗਿਆ ਏਂ,
ਅਤੇ
ਇਹ ਵੀ ਕਿਹਾ ਸੀ
ਬਦਲਨਾ...
'ਤੇ
ਸ਼ਬਦ ਤੇਰੇ ਹੋਠਾਂ
ਅੰਦਰ ਦਬ ਗਏ।
ਦਬੇ ਸ਼ਬਦਾਂ ਨੂੰ
ਤੇਰੇ ਚਿਹਰੇ ਤੋਂ ਪੜ੍ਹ ਲਿਆ
ਸ਼ਾਇਦ
ਬਦਲਨਾ ਮੇਰੀ ਫ਼ਿਤਰਤ...
ਇਹੋ ਕਹਿਣਾ ਚਾਹਿਆ ਸੀ।
ਇਸ ਇਕ ਵਾਕ ਨੇ
ਕਈ ਵਰ੍ਹਿਆਂ ਦਾ ਸਾਥ,
ਸਾਥ –
ਜਿਹੜਾ ਪਰੋਇਆ ਸੀ

ਡੋਰ ਅੰਦਰ
ਕਿੰਝ ਬਦਲਦਾ
ਨਿੱਝ ਤੇ ਨੰਗ ਅੰਦਰ
ਸਦਾ ਪਰੋਸਦੇ ਰਹੇ,
ਇਸ ਹੱਡ ਮਾਸ ਦੇ ਮੁਜੱਸਮੇ ਅੰਦਰ।
ਬਦਲਨਾ ਹੀ ਹੁੰਦਾ
ਤਾਂ ਚਿਰੋਕਾ ਹੀ
ਇਸ ਰਿਸ਼ਤੇ ਤੋਂ ਬਾਹਰ ਆ,
ਨਾ ਤਕਦਾ
ਤੇਰਾ ਰਾਹ
ਨਾ ਬੱਝਦਾ ਅਸੂਲਾਂ ਅੰਦਰ
ਸੰਗ ਆ
ਤੇ ਬੈਠ ਜਾ
ਬਦਲਦੀ ਦੀਵਾਨਗੀ ਅੰਦਰ,
ਇਹ ਦੀਵਾਨਗੀ ਹੀ
ਸਾਡਾ ਸੱਚ ਹੈ।

• •

## ਛੱਲਾਂ

ਡਰਦਾ ਹਾਂ
ਛੱਲਾਂ ਤੋਂ
ਛੱਲਾਂ
ਉਖਾੜ ਦੇਂਦੀਆਂ
ਕੰਢੇ
'ਤੇ
ਖੋਖਲਾ ਕਰ ਜਾਂਦੀਆਂ ਨੇ
ਸਾਰਾ ਵਜੂਦ
ਅਤੇ ਰਹਿ ਜਾਂਦਾ ਹੈ
ਭੂਤ ਕਾਲ 'ਚ
ਵੇਖੇ ਦ੍ਰਿਸ਼ਾਂ ਵਾਂਗ
ਜਿਹੜੇ ਇਤਿਹਾਸ ਅੰਦਰ
'ਤੇ
ਬਣਦੇ ਮਿੱਟਦੇ ਨੇ
ਆਪੋ ਆਪਣੇ ਇਤਿਹਾਸ ਅੰਦਰ
ਗੁਆਚ ਜਾਂਦੀਆਂ ਨੇ
ਛੱਲਾਂ
ਮੇਰੇ ਆਲਣੇ ਦਾ ਵੀ
ਤਿਨਕਾ-ਤਿਨਕਾ
ਖਲਾਰਨ ਮਗਰੋਂ...

• •

## ਸਜਦਾ

ਤੂੰ
ਨਿਰੀ ਅੱਗ ਬਣ-ਬਣ
ਮੇਰੇ ਸਾਹਵੇਂ ਆ ਬਹਿੰਦੀ ਏਂ
ਅੱਗ
ਵੇਖਦਾ ਹਾਂ
ਤੇਰੀਆਂ ਡੂੰਘੀਆਂ ਅੱਖਾਂ 'ਚ
ਸੇਕ ਲਗਦਾ
ਤੇਰੇ ਚਿਹਰੇ ਤੋਂ
ਮੈਂ
ਖੌਰੇ ਕਿਵੇਂ
ਖਿੜ੍ਹੇ ਮੱਥੇ
ਪ੍ਰਵਾਨਗੀ ਦੇ ਦੇਂਦਾ।
ਹਿੱਕ ਅੰਦਰ ਦੀ ਧੜਕਨ
ਉਤੇਜਿਤ ਕਰਦੀ
ਹੋਲੀ-ਹੋਲੀ
ਹੱਥ ਵਧਾਉਂਦਾ
ਬੇ-ਹਿਸੇ ਸਰੀਰ ਅੰਦਰ
ਡੂੰਘਾਣਾਂ ਦੀਆਂ ਪਰਤਾਂ
ਪਾਰ ਕਰ ਲੈਂਦਾ
ਤੇ ਇੰਝ
ਮੈਂ
ਸਜਦਾ ਕਰ ਆਉਂਦਾ
ਤੇਰੇ ਦਰ ਤੇ।

• •

## ਮਖੌਟਾ

ਬਹੁਤ ਅਰਸੇ ਤੋਂ
ਝਾਕਦੀ ਰਹੀ
ਜ਼ਿੰਦਗੀ
ਟਿਕ ਟਿਕੀ ਲਾਈ,
ਮੇਰੇ ਵੱਲ
ਫ਼ਰੋਲਦੀ ਹੋਈ ਕੁਝ
ਪੜ੍ਹੀਆਂ ਇਬਾਰਤਾਂ
ਵਰਕੇ ਵਰਕੇ ਅੰਦਰ
ਮੇਰੇ ਰੂਪ ਨੂੰ
ਅੱਧਵਾਟੇ ਕਾਂਢਾਂ ਅੰਦਰ
ਤਲਾਸ਼ਦੀ ਰਹੀ
ਮੇਰੀ ਹੋਂਦ
'ਤੇ ਸ਼ਾਇਦ
ਉਨ੍ਹਾਂ ਪਲਾਂ ਨੂੰ
ਲਕੋਏ ਹੋਏ
ਸ਼ਬਦ ਜਾਲਾਂ ਅੰਦਰ
ਜਦੋਂ ਮੈਂ
ਧਰਮੀ ਕਰਮੀ ਵੀ ਲਗਦਾ
ਸੱਚਾ-ਸੁੱਚਾ ਪਤਵੰਤਾ ਬਣ-ਬਣ
ਮਾਣ ਮਤਾ ਹੋਇਆ ਟਹਿਲਦਾ
ਆਪਣੀ ਹਿੱਕ
ਉੱਚੀ
ਹੋਰ ਉੱਚੀ ਕਰਦਾ ਹੋਇਆ
ਸੱਚ ਨੂੰ ਦਬਾਉਂਦਾ ਹੋਇਆ।

• •

## ਅੰਤਰ-ਦਵੰਧ

ਅੱਧਖੜ੍ਹ
ਅੱਧ ਪਚੱਦਾ
ਤੇ
ਖਾਲੀ ਹੱਥ
ਕੀ ਮੰਗਾਂ ?
ਲਿਸ਼ਕਵੇਂ ਸੂਰਜ ਦੀ ਲਾਲੀ
ਜਾਂ
ਪੂਨਮ ਦੀ ਚਾਨਣੀ
ਡਰਦਾ ਹਾਂ
ਸਾੜ
ਤੇ
ਠਾਰ ਤੋਂ।
ਅਜੇ ਵੀ
ਚੇਤੇ ਹੈ।
ਤੇਰਾ ਮੰਗਿਆ ਉਹ ਪਲ
ਤੇ
ਮੈਂ
ਦੇ ਦਿੱਤਾ ਸੀ
ਆਪਣਾ
ਸਭੋ ਕੁਝ
ਅਪਣੇਪਨ 'ਚ ਘਿਰ ਕੇ
ਹੁਣ
ਤੈਨੂੰ ਦੇਣ ਨੂੰ
ਮੇਰੇ ਪਾਸ
ਹੋਰ
ਕੁਝ ਨਹੀਂ ਏ।

• •

## ਸੇਕ

ਸੇਕ
ਲਗ ਰਿਹਾ ਏ
ਚਾਨਣ ਤੋਂ
ਲੂਹ ਲੈਂਦਾ ਏ
ਨਰਮ ਨਰਮ
ਫੁੱਲਾਂ ਦੀਆਂ ਪੰਖੜੀਆਂ ਨੂੰ
ਜਦੋਂ
ਚੇਤੇ ਆਉਂਦਾ ਏ ਸੇਕ
ਅਧ ਸੜੇ
ਮੇਰੇ ਅੰਗ-ਅੰਗ 'ਚ
ਭੜਕ ਉਠਦੀ ਏ
ਅੱਗ
ਕਈ ਸ਼ਰਮਨਾਕ
ਘਟਨਾਵਾਂ
ਅੱਖਾਂ ਮੂਹਰੇ
ਦੇ ਜਾਂਦੀ ਏ ਹਵਾ
ਮੈਂ
ਭਰਿਆ ਪੀਤਾ
ਰਹਿ ਜਾਂਦਾ ਹਾਂ
ਸੇਕ ਨੂੰ
ਚੇਤੇ ਕਰਦਾ ਹੋਇਆ।

• •

## ਪਰਤਣ ਤੇ

ਜਦੋਂ ਤੂੰ ਪਰਤੇਂ ਗੀ
ਮੈਂ ਦਸ ਚੁਕਾ ਹੋਵਾਂ ਗਾ
ਤੇਰੇ ਸਿਰਜੇ ਮੱਠ ਅੰਦਰ।
ਅਤੇ
ਤੂੰ
ਮਾਣ ਰਹੀ ਹੋਵੇਂ ਗੀ
ਚੰਨ ਦੀ ਚਾਨਣੀ
ਠੰਡੀ ਪੌਣ।
ਐਪਰ
ਤੇਰੀ ਖ਼ੁਸ਼ਬੂ
ਅਜੇ ਵੀ
ਮੇਰੇ ਆਲੇ ਦੁਆਲੇ
ਖਿਲਰੀ ਏ
ਦੇ ਰਹੀ ਏ
ਹੌਸਲਾ ਉਡੀਕਣ ਦਾ
ਤੇਰੇ ਪਰਤਣ ਦਾ,
ਕਿਸੇ ਵੀ ਰੂਪ ਅੰਦਰ।

• •

## ਹਥੌੜਾ

ਹਥੌੜਾ
ਮੈਂ ਫੜ ਲਿਆ ਏ
ਆਪਣੀ ਗ੍ਰਿਫ਼ਤ 'ਚ
ਮਜ਼ਬੂਤੀ ਨਾਲ
ਹੁਣ
ਕੋਈ ਰੋਕ ਨਹੀਂ ਸਕਦਾ
ਮੈਨੂੰ
ਦੁੱਧ ਦੀ ਨਹਿਰ ਮੋੜਨ ਨੂੰ।
ਐਪਰ
ਡਰਦਾ ਹਾਂ
ਇਤਿਹਾਸ ਤੋਂ
ਕਿਧਰੇ ਦੋਹਰਾਇਆ ਨਾ ਜਾਵੇ
ਪਾੜ ਕੇ ਮੱਥਾ ਮੇਰਾ
ਮੇਰੇ ਵਜੂਦ ਨੂੰ
ਬਹਾਕੇ ਨਾ ਲੈ ਜਾਵੇ
ਦੁੱਧ ਦੀ ਨਹਿਰ ਅੰਦਰ
ਹਥੌੜਾ!

• •

## ਪ੍ਰਵਾਜ਼

ਦੂਰ ਰਹਿ ਕੇ
ਤੈਨੂੰ ਤਕਿਆ
ਅਜੇਹੇ ਫ਼ਸਾਲੇ ਨਹੀਂ ਸੀ ਚਾਹੇ
ਉਂਝ ਭਾਵੇਂ
ਤੇਰੇ ਦੂਰ ਰਹਿਣ 'ਤੇ
ਮੈਂ
ਅੰਦਰ ਖਾਤੇ
ਥਰ-ਥਰਾਂਦਾ ਰਿਹਾਂ
ਮੇਰੇ ਧੁਰ ਅੰਦਰ
ਕਾਂਬਾ ਛਿੜ ਜਾਂਦਾ
ਜਦੋਂ
ਚੇਤੇ ਕਰਦਾ ਹਾਂ
ਉਨ੍ਹਾਂ ਪਲਾਂ ਨੂੰ!
ਬਿਖਰੇ ਹੋਏ ਫ਼ੁੱਲ
ਹੌਲੀ-ਹੌਲੀ ਇਕੱਤਰ ਕਰਦਾਂ
ਇਕ ਗੁਲਦਸਤਾ
ਤੇਰੇ ਨਾਂ
ਹਵਾ 'ਚ ਲਹਿਰਾਉਂਦਾ
ਲਗਦਾ
ਜਿਵੇਂ ਪਾਣੀ
ਸਭ ਕੁਝ ਬਹਾ ਕੇ ਲੈ ਗਿਆ
ਮੇਰੀ ਪ੍ਰਵਾਜ਼
ਮੇਰਾ ਵਜੂਦ ਵੀ
ਢਹਿ ਢੇਰੀ
ਹੋ ਗਿਆ।

• •

## ਰੇਤ ਡੱਲ

ਹਰ ਵਾਰੀ
ਤੂੰ ਇੰਨਾ ਨੇੜੇ ਹੁੰਦੀ ਏਂ,
ਇਕ ਗਿੱਠ ਦੇ ਫ਼ਾਸਲੇ 'ਤੇ
ਤੇ
ਮੈਂ
ਗਾਹ ਆਉਂਦਾ ਹਾਂ
ਪਿੰਡ, ਪਿੰਡ, ਜੰਗਲ-ਜੰਗਲ
ਕਦੀ
ਦੇਸਾਂ ਪ੍ਰਦੇਸਾਂ ਅੰਦਰ ਵੀ।
ਸਾਹੋ ਸਾਹ ਹੋਇਆ
ਪਰਤਣ ਤੇ ਲਗਦੈ
ਤੂੰ ਮੇਰੇ ਅੰਗ-ਸੰਗ ਏਂ,
ਮੈਂ
ਸੰਗਦਾ ਹੋਇਆ
ਤੇਰੇ ਅੰਗ-ਸੰਗ ਨੂੰ ਟੋਂਹਦਾ
ਪਲ ਭਰ ਲਈ
ਤੇਰਾ ਗੁਆਚਣਾ
ਸਰਾਪ ਲਗਦੈ
ਤੇ ਮੈਂ
ਆ ਖਲੋਂਦਾ
ਸਰਾਪੀ ਰੂਹ ਵਾਂਗ
ਗੁੰਮ-ਸੁੰਮ
ਗੁਆਚਿਆ-ਗੁਆਚਿਆ
ਸਾਖ਼ਿਆਤ
ਤੈਨੂੰ ਨਿਹਾਰਦਾ ਹੋਇਆ
ਨਿਸ੍ਰੁੱਤੀ ਹਾਲਤ ਅੰਦਰ।

• •

## ਬਾਤਾਂ

ਰੋਜ਼
ਮਲਕੜ੍ਹੇ ਜੇਹੇ
ਉਹ
ਆ ਢੁਕ ਬੈਠਦੀ,
ਹੌਲੀ ਹੌਲੀ
ਬਾਤਾਂ ਪਾਂਉਂਦੀ
ਸਵਾਦਲੀਆਂ ਸਵਾਦਲੀਆਂ
ਗੱਲਾਂ ਅੰਦਰ
ਉਲਝਾ ਲੈਂਦੀ
ਮੈਂ ਨਿਸਲ ਜਾਂਦਾ।
ਉਹਦਾ ਹੁਕਮ
ਮੈਂ
ਝਟ ਜੁਰਮਾਨਾ ਭਰਦਾ
ਭੋਗਦਾ ਹੋਇਆ ਸਜ਼ਾ
ਟਕਰਾਉਂਦਾ ਹੋਇਆ ਵੀ।
ਸਹਿਜੇ ਸਹਿਜੇ
ਮੈਂ ਗ੍ਰਿਫ਼ਤਾਰ ਹੁੰਦਾ ਜਾਂਦਾ
ਮੁਹੱਬਤ ਅੰਦਰ
ਉਹ ਮੁਨਸਿਫ਼ ਹੁੰਦੀ
ਮੈਂ ਮੁਜਰਿਮ
ਤੇ
ਵਹਿਣ ਅੰਦਰ ਵਹਿ ਜਾਂਦਾ
ਭੋਗਦਾ ਹੋਇਆ
ਸਜ਼ਾ।

• •

## ਤਲਾਸ਼

ਕੀ ਭਾਲਦੀ ਪਈ ਏਂ
ਇਸ ਪੱਤਝੜ ਅੰਦਰ
ਮੇਰੇ ਹਿੱਸੇ
ਗੁੰਮ-ਸੁੰਮ ਵੀਰਾਨੀਆਂ ਨੇ।
ਕੁਝ ਵੀ ਤਾਂ ਨਹੀਂ
ਅਤੇ
ਯਾਦਾਂ ਦੀ ਚਾਦਰ
ਗੁਆਚ ਗਈ ਏ।
ਇਸ ਬੇਹਿੱਸੇ
ਸਰੀਰ ਅੰਦਰ
ਰਿਸ ਰਹੇ ਜ਼ਖ਼ਮ
ਦਰਦ ਦਾ ਪ੍ਰਗਟਾ
ਪੀੜਾਂ ਹੀ ਤਾਂ ਹਨ।
ਨਾ ਛੂਹ ਇਨ੍ਹਾਂ ਤਸੀਹਿਆਂ ਨੂੰ
ਨਾ ਦੇ ਦਸਤਕ
ਹਨੇਰਾ ਖ਼ਤਰਨਾਕ ਏ
ਬਸ ਰਹਿਣ ਦੇ
ਨਾ ਕਰ ਤਲਾਸ਼
ਐਵੇਂ
ਵਿਅਰਥ ਜਾਣੀ ਏ।

• •

## ਕੈਦ

ਕੈਦ ਕਰ ਦੇਂਦੀਆਂ ਨੇ
ਸੋਚਾਂ
ਪਲਾਂ ਛਿਨਾਂ ਅੰਦਰ
ਇਕ ਸੀਮਤ ਘੇਰੇ 'ਚ
ਤੇ
ਘੇਰਾ ਵੱਧਦਾ ਰਹਿੰਦਾ
ਹੌਲੀ-ਔਲੀ
ਵਿਸ਼ਾਲ ਦਿਸ਼ਾਵਾਂ ਅੰਦਰ
ਪੰਛੀਆਂ ਦੀਆਂ ਉਡਾਣਾਂ ਸੰਗ
ਉਡਦਾ ਹੀ ਰਹਿੰਦਾ।
ਸੋਚਾਂ
ਆਪਣਾ ਥੀਮ
ਆਪਣਾ ਰੂਪ
ਲੈ ਆਉਂਦੀਆਂ ਨੇ
ਵਿਸ਼ਾਲ ਤੋਂ ਹੁੰਦੀਆਂ ਹੋਈਆਂ
ਇਕ ਸਮਾਧੀ ਅੰਦਰ
ਤੇਰੇ ਤੋਂ ਮੇਰੇ ਤੱਕ।

• •

## ਜ਼ਖ਼ਮ

ਚਲ ਆ
"ਸ਼ੀਨ !"
ਵੇਖ ਲਈਏ
ਆਪਣੇ ਆਪ ਨੂੰ
ਜਿਵੇਂ ਵੇਖਦੇ ਨੇ ਲੋਕ
ਛਾਤੀ ਫ਼ੈਲਾ ਕੇ
ਮਾਣ ਮੱਤੇ ਬਣ
ਹੈਂਕੜ ਅੰਦਰ।
ਸਾਡੇ ਪਾਸ
ਵੇਖਣ ਨੂੰ
ਅਜਿਹਾ ਕੁਝ ਤਾਂ ਨਹੀਂ
ਕੇਵਲ
ਬੰਜਰ ਧਰਤੀ
ਨਿਰਜੀਵ ਬੀਜ,
ਅਤੇ
ਸੁਪਨੇ ਨੇ।
ਚਲ ਆ
ਕੁਝ ਆਸ ਰਖੀਏ
ਸਭ ਕੁਝ ਤਾਂ
ਬਦਲ ਗਿਆ ਹੈ
ਨਵੇਂ ਮਾਣ ਮੱਤਿਆਂ ਅੰਦਰ,
ਚੁੰਜ ਨਾਲ ਚੁੰਜ ਜੋੜ ਕੇ
ਜ਼ਖ਼ਮ ਵਖਾ ਸਕਦੇ ਹਾਂ
ਇਕ ਦੂਜੇ ਨੂੰ
ਨੰਗੇਜ਼ ਅੰਦਰ।

• •

## ਠਲ੍ਹਣਾ

ਠੱਲ੍ਹਣ ਨੂੰ
ਆ ਧਮਕਦੇ ਨੇ
ਨਿਤ
ਨਵੇਂ ਸੁਪਨੇ ਦਰਸਾਂਦੇ ਹੋਏ
ਕਦੀ ਚੰਨ ਦੇ ਬਾਹਰ
ਕਦੀ ਚੰਨ ਦੇ ਅੰਦਰ
ਵਸਾਉਣ ਦੀ ਯੋਜਨਾ
ਖੌਰੇ ਕਿਉਂ
ਹੌਲੀ-ਹੌਲੀ
ਨਿਸਲ ਹੋ ਜਾਂਦੀ ਹਾਂ
ਇਹ ਜਾਣਦੀ ਹੋਈ ਵੀ!
ਚੰਨ ਦੀ ਠੰਡੀ ਚਾਨਣੀ ਵਾਂਗ
ਸੱਚ-ਮੁੱਚ
ਦਬ ਜਾਂਦੀ ਹਾਂ
ਭਰਕਮ ਭਾਰ ਹੇਠ
ਮਾਸ ਤੇ ਸ਼ਰਾਬ ਦੀ
ਗੰਧ ਨੂੰ ਸਹਿੰਦੀ ਹੋਈ
ਚਾਨਣੀ ਵਾਂਗ
ਕਰਤਵ ਨਿਭਾਂਦੀ ਹੋਈ।
ਮੇਰੇ ਜਿਸਮ ਦੀ ਤਾਰ-ਤਾਰ
ਹੌਲੀ-ਹੌਲੀ
ਠੱਲ੍ਹੀ ਜਾ ਰਹੀ ਹੁੰਦੀ ਏ
ਝਾਕਦੀ ਰਹਿੰਦੀ ਹਾਂ
ਕੇਵਲ ਚੰਨ ਨੂੰ
ਖੁਲੀਆਂ ਅੱਖਾਂ ਨਾਲ।

• •

## ਮਲਬੇ ਹੇਠਾਂ

ਮੈਂ ਤੇ ਹੱਥ ਅੱਡੇ ਸਨ
ਅਰਜ਼ੋਈ ਲਈ
ਸਹਿਜ ਭਾਵੀਂ
ਚੇਤੇ ਕਰਾਣ ਨੂੰ
ਉਹ ਰਾਗ
ਉਹ ਡਾਲੀਆਂ
ਬਦਲੀ ਦੀਆਂ ਫ਼ੁਹਾਰਾਂ ਅੰਦਰ
ਸੁਰਾਂ ਨਾਲ ਸੁਰ ਮਿਲਾ ਕੇ।
ਢੁੱਕ-ਢੁੱਕ ਬੈਠ
ਛੇੜੇ ਨਗਮੇਂ
ਪੀੜਾਂ ਜਰਦਾ ਹੋਇਆ
ਵਿਆਕੁਲ ਹੋ ਗਿਆਂ,
ਨਾ ਇਹ ਚਫ਼ਾਲ ਡਿਗਦੀ
ਨਾ ਮੈਂ ਦਬਦਾ
ਇਸ ਮਲਬੇ ਹੇਠਾਂ
ਸਜ਼ਾ ਭੋਗਾ ਰਿਹਾਂ।

• •

## ਨਵਿਰਤ

ਨਵਿਰਤ ਹੋਣ ਲਈ
ਰਿਸ਼ਤੇ 'ਚ ਬਝਣਾ
ਜਾਂ
ਰਿਸ਼ਤੇ ਤੋਂ ਮੂੰਹ ਮੋੜ ਲੈਣਾ
ਕਿੰਨਾ ਸੁਭਾਵਿਕ ਹੈ।
ਨਵਿਰਤ ਹੋਣ ਤੋਂ ਪਹਿਲਾਂ
ਅਸੀਂ ਕੀ ਹੁੰਦੇ ਹਾਂ ?
ਕੇਵਲ
ਜਮ੍ਹਾਂ ਤਫ਼ਰੀਕ
ਜਾਂ ਜ਼ਰਬ ਤਕਸੀਮ।
ਨਵਿਰਤ ਹੋਣ ਲਈ
ਫ਼ਾਰਮੂਲਿਆਂ ਦੀ ਲੋੜ ਹੈ
ਲੋੜਾਂ
ਬੰਨ ਲੈਂਦੀਆਂ ਨੇ
ਇਕ ਦੂਜੇ ਸੰਗ
ਕਈ ਦਿਸ਼ਾਵਾਂ ਤੋਂ ਪਰਤ ਕੇ ਵੀ
ਤੇਰੇ ਤੇ ਮੇਰੇ ਵਿਚਕਾਰ
ਕੁਝ ਅਜਿਹਾ ਹੀ ਤਾਂ ਹੈ
ਭਾਵੇਂ ਪਲਾਂ ਛਿਨਾ ਲਈ
ਭਰਪੂਰਤਾਂ ਲਈ।

• •

## ਕਸ਼ਿਸ਼

ਤੇਰਾ
ਖਿੜਕੀ ਤੋਂ
ਪਰਦਾ ਹਟਾਉਂਦੇ ਸਾਰ ਹੀ
ਸੂਰਜ ਦੀਆਂ ਕਿਰਨਾਂ
ਮੇਰੇ ਨੰਗੇ ਪਏ ਸਰੀਰ ਤੋਂ
ਹੌਲੀ-ਹੌਲੀ
ਮੇਰੇ ਅੰਦਰ
ਲੱਥ ਆਈਆਂ
ਤੇਰੇ
ਹੱਥਾਂ ਦੇ ਸਪਰਸ਼ ਵਾਂਗ
ਇਕ ਅਮੁਕ ਕਸ਼ਿਸ਼
ਮੁੜ ਪ੍ਰੇਰਨ ਲੱਗੀ,
ਹੱਥ
ਸਪਰਸ਼
ਬੁੱਲ੍ਹਾਂ ਵਿਚਲੀ ਮਿਠਾਸ
ਖੌਰੇ ਕਿਉਂ
ਉਤੇਜਿਤ ਕਰਦੀ ਏ
ਤੇਰੇ ਵੱਲ
ਵਧਣ ਨੂੰ ?

• •

# ਭਾਵਨਾ

ਇਹ ਨਿਸਲ
ਭਾਵਨਾ,
ਭਾਵੁਕਤਾ,
ਨਿਰੀ ਕਲਪਨਾ ਲਗਦੀ ਏ,
ਜਾਂ!
ਕਾਲਪਨਿਕ ਜਾਲ
ਵਿਛਾਏ ਹੋਏ
ਆਪੋ ਆਪਣੇ ਜਾਲ
ਉਣੇ-ਬੁਣੇ ਹੋਏ
ਫ਼ਸ ਜਾਂਦੇ ਹਾਂ
ਲੱਥ ਜਾਂਦੇ ਹਾਂ
ਨਿਸਲਤਾ ਅੰਦਰ!
ਮੋਹ ਜਾਲ 'ਚ
ਹਕੀਕਤਾਂ ਤੋਂ
ਮੂੰਹ ਫੇਰ ਕੇ ਵੀ
ਭਾਵਨਾਵਾਂ ਹੀ ਤਾਂ
ਜਕੜ ਲੈਂਦੀਆਂ
ਅੱਖਾਂ
ਵਿਚਲੀ ਚਮਕ
ਵਲ ਵਲੇਟਦੇ ਹੋਏ
ਇਕਾਗਰਤਾ
ਲੀਨਤਾ
ਜਾਲ
ਭਾਵਨਾ
ਅਤੇ ਨਿਸਲਤਾ ਦੇ ਪਲਾਂ ਅੰਦਰ
ਗੁਆਚੇ-ਗੁਆਚੇ
ਰਹਿੰਦੇ ਹਾਂ
ਤਿਲਕਣਾਂ ਅੰਦਰ।

• •

## ਸ਼ੈਦਾਈ

ਮੈਂ
ਕਦੀ-ਕਦੀ ਗੁਆਚ ਜਾਂਦਾ
ਤੇਰੇ ਰਿਸ਼ਤਿਆਂ ਅੰਦਰ
ਕਦੀ
ਮੁਕਤ ਹੋ ਜਾਂਦਾ
ਰਿਸ਼ਤੇਈ ਜਾਲਾਂ ਤੋਂ
ਕਦੀ
ਮਨ ਗਵਾਹੀ ਭਰਦਾ
ਮਹਿਬੂਬ ਮੇਰੇ
'ਤੇ
ਹੋ ਜਾਂਦਾ
ਅੰਤਰਾਂ ਤੋਂ ਮੁਕਤ
ਖੌਰੇ
ਆਪ ਮੁਹਾਰੇ
ਖਿੱਚ ਲੈਂਦੀਆਂ ਨੇ
ਤੇਰੀਆਂ
ਭਵਾਂ
ਆਪਣੇ
ਦੁਮੇਲ 'ਚ ਜਕੜ
ਮੈਂ
ਗੁਆਚਿਆ-ਗੁਆਚਿਆ
ਸੁਗੰਦਿਤ ਹੋਇਆ
ਨਿਸਲ ਜੇਹਾ ਜਾਂਦਾ
ਸ਼ੈਦਾਈ ਬਣ-ਬਣ।

• •

# ਕੌਣ

ਕੌਣ ਹੈ
ਜੋ ਉਤਰਦਾ ਏ
ਧੋਲੇ-ਧੋਲੇ ਪੈਰੀਂ
ਮੇਰੇ ਚੁਤਰਫ਼ੇ ਫ਼ੈਲੇ ਜੰਗਲ ਅੰਦਰ
ਵਜਦ 'ਚ ਨੱਚਦਾ ਹੋਇਆ।
ਕੌਣ ਏ ਉਹ
ਕੀ ਭਾਲਦਾ ਏ
ਨਸ਼ਈ ਬਣ-ਬਣ
ਮੇਰੇ ਦਰ ਤੇ ਦਸਤਕ ਦੇਂਦਾ ਹੋਇਆ।
ਨਾ ਜਗਾ ਬੱਤੀਆਂ
ਰੋਸ਼ਨੀ,
ਅਲਾਪ ਬਣ ਗਈ ਏ,
ਨਹੀਂ ਝੱਲਣ ਹੁੰਦੀ
ਟਿਮ ਟਿਮਾਂਦੀ ਰੋਸ਼ਨੀਆਂ।
ਇਹ ਸ਼ਾਮ ਢਲ ਚੁੱਕੀ ਏ
ਇਹ ਪਰਕਰਮੇ ਦਾ ਸਮਾਂ ਨਹੀਂ
ਨਾ ਬਹੁੜ
ਇਸ ਹਨੇਰੇ ਅੰਦਰ
ਡੁੱਬਣ ਲਈ
ਇਹ ਵੇਲਾ ਵਿਆ ਚੁੱਕੀ ਏ
ਨਾ ਉਤਰ
ਮੇਰੇ ਅੰਦਰ।

• •

## ਵਾਸਾ

ਤੁਰ ਜਾ ਮਿੱਤਰਾ
ਇੱਥੋਂ
ਦਬਾ ਦੇ
ਇਹ ਸੰਸਾਰੀ ਰਿਸ਼ਤੇ
ਪਾ ਦੇ ਮਿੱਟੀ
ਮੋਹ ਭਰੇ ਜੰਜਾਲਾਂ ਤੇ!
ਜਾ ਹੁਣ ਵਸੇਵਾ ਕਰ ਲੈ
ਕਿਸੇ ਬਿਹਤਰ
ਸੰਸਾਰ ਅੰਦਰ!
ਪਾ ਲੈ ਮੁਕਤੀ
ਸਮੇਂ ਤੇ
ਸਮੇਂ ਦੀ ਜਕੜ ਤੋਂ
ਕਿਤੇ ਕਰਨਾ ਨਾ ਪਵੇ
ਇਸ ਹੁਕਮਰਾਨੀ ਅੰਦਰ
ਸਮਰਪਣ।
ਇਥੇ ਕਦੀ ਵੀ
ਪਰਲੋ ਆ ਸਕਦੀ ਏ
ਛੱਡ ਦੇ ਦੋਸਤ
ਇਨ੍ਹਾਂ
ਨਾਇਕ ਨਾਇਕਾਵਾਂ ਨੂੰ
ਪਾ ਲੈ ਮੋਖ,
ਨਵੇਂ ਪਰਿਵਰਤਨਾਂ ਅੰਦਰ।

• •

## ਮੰਥਨ

ਇਹ ਰੂਹ ਮੇਰੀ
ਸਰਾਪੀ ਗਈ ਏ
ਐਪਰ
ਨਾ ਝੁਕੀ
ਵੱਡੇ ਦੈਂਤਾਂ ਅੱਗੇ।
ਅੱਖ ਮੇਰੀ
ਵੇਖਦੀ ਰਹੀ
ਸ਼ੈਤਾਨਾਂ ਦੇ ਅਪਰਾਧਾਂ ਨੂੰ!
ਉਹ
ਕਹਿ ਰਿਹਾ ਸੀ
ਨਾ ਫ਼ਰਮਾਬਰਦਾਰ
ਅਤੇ ਦਬਾ ਰਿਹਾ ਸੀ
ਸੱਚ।
ਇਹ ਵੀ ਸੱਚ ਹੈ
ਜੰਗ ਸਭ ਕਾਸੇ ਦਾ ਸੱਚ ਹੈ
ਪਰ
ਟਕਰਾਣ ਲਈ ਹਿੰਮਤ
ਇਕੱਤਰ ਨਹੀਂ ਹੋ ਰਹੀ ਹੈ।
ਐਪਰ
ਮਨ... ਦਿਲਾਸਾ,
ਉਤਸੁਕਤਾ, ਹਲਾਸ਼ੇਰੀ
ਜੇਹੇ ਲਫ਼ਜ਼
ਧਕੇਲ ਰਹੇ ਨੇ ਮੈਨੂੰ
ਸੱਚ,
ਮੰਥਨ ਲਈ!

• •

## ਗੁਆਚਣਾ

ਇਹ
ਕਜੇਹੇ ਅਹਿਸਾਸਾਂ ਅੰਦਰ
ਅਸੀਂ
ਗੁਆਚ ਜਾਂਦੇ ਹਾਂ
ਅਤੇ
ਗੁਆਚੇਪਨ 'ਚ ਹੀ
ਭਾਲਦੇ ਹਾਂ
ਬੀਤੇ ਪਲਾਂ ਛਿਨਾਂ ਨੂੰ!
ਅਜੇਹੇ
ਸੁਪਨ ਮਈ ਸੰਸਾਰ ਅੰਦਰ
ਕਿੰਨਾ ਕੁਝ
ਦੇ ਵੀ ਜਾਂਦੇ ਹਾਂ
ਇਕ ਦੂਜੇ 'ਚ
ਗੁਆਚ ਕੇ
ਤੇ
ਗੁਆਚਣਾ ਵੀ
ਅਹਿਸਾਸਾਂ ਅੰਦਰ
ਬਿਨਾਂ ਦਸਤਕ ਦੇ!

• •

## ਕਣੀਆਂ

ਵਰਦੇ ਮੀਂਹ ਦੀਆਂ ਕਣੀਆਂ
ਵਰ ਰਹੀਆਂ ਨੇ
ਮੇਰੇ ਧੁੱਖ ਰਹੇ ਜਿਸਮ ਤੇ
ਤ੍ਰਿਪ-ਤ੍ਰਿਪ ਵਰਦੀਆਂ
ਚੁੰਮ ਰਹੀਆਂ ਨੇ
ਮੇਰੇ ਇੱਕ-ਇੱਕ ਅੰਗ ਨੂੰ
ਤੇ ਮੈਂ
ਬਾਹਵਾਂ ਉਲਾਰ ਕੇ
ਵਰਦੀਆਂ ਕਣੀਆਂ 'ਚ
ਸਹਿ ਰਿਹਾ ਵਾਂ
ਤਪਸ਼
ਸ਼ਾਂਤ ਚਿੱਤ ਹੋਣ ਲਈ!

• •

## ਬੀਜ

ਸਥਾਪਤੀ ਲਈ
ਤਤਪਰ ਹਾਂ
ਜਲਦ ਤੋਂ ਜਲਦ
ਬੀਜਣ ਨੂੰ,
ਬੀਜ।
ਡਰ ਹੈ
ਕਿਧਰੇ
ਨਿਰਜੀਵੜੇ ਨਾ ਹੋ ਜਾਣ
ਉਹ ਬੀਜ
ਵਧਣ ਨੂੰ
ਤਤਪਰ ਨੇ ਜੋ
ਸਥਾਪਨਾ ਲਈ।

• •

## ਉਡੀਕ

ਮੈਂ ਤੇ ਅਜੇ
ਰੱਜਿਆਂ ਨਹੀਂ
ਭਰਿਆ ਵੀ ਨਹੀਂ
ਹਰ ਵੇਰਾਂ
ਅੱਖਾਂ ਲਾਈ ਰਖਦਾਂ
ਤੇਰੇ ਵੱਲ
ਕੰਨ ਵੀ
ਤੇਰੀ ਪੈਰ ਚਾਪ ਵੱਲ
ਤਾਂ ਜੂ
ਤੂੰ
ਆ ਕੇ
ਵਰਚਾ ਲਵੇਂ!

• •

## ਸਿਰਜਕ

ਮੈਂ
ਟੱਪ ਆਉਂਦਾ ਹਾਂ
ਸਾਰੀਆਂ ਸੀਮਾਵਾਂ
ਤੇਰੇ
ਡੁਲ੍ਹਣ ਲਈ,
ਤੇਰੇ ਵਜੂਦ ਅੰਦਰ
ਸਮੋਣ ਖਾਤਰ
ਇਹ ਜਾਣ ਕੇ
ਕਿ ਸਮੋ ਲਵੇਂ ਗੀ
ਮੈਨੂੰ
ਕਿਸੇ ਰਚਨਾ ਅੰਦਰ
ਸਿਰਜਣ ਪ੍ਰਕ੍ਰਿਆ ਦੌਰਾਨ!

• •

## ਪੁਲ

ਮੈਂ
ਨਹੀਂ ਉਡਣਾ
ਤੇ
ਨਾ ਹੀ ਬੱਝਣਾ
ਸਭਿਅਕ ਤੇ
ਸਮਾਜਕ ਹੋ ਕੇ।
ਮੈਂ
ਨਹੀਂ ਆਣ ਦੇਣੀ
ਕੋਈ ਸੀਮਾ
ਤੇਰੇ ਮੇਰੇ ਵਿਚਕਾਰ
ਕੇਵਲ
ਮੈਂ ਤੇ ਤੂੰ
ਦੇ ਵਿਚ ਵਿਚਾਲੇ
ਕਿਸੇ ਪੁਲ ਵਾਂਗ
ਜੁੜਿਆ ਰਹਿਣਾ ਹੈ।

• •

## ਭਾਲ

ਮੈਂ
ਨਿਤ ਰੋਜ਼
ਬੇ-ਪ੍ਰਵਾਹ ਜਿਹਾ
ਚਲ ਪੈਂਦਾਂ
ਡੂੰਘੀਆਂ ਸ਼ਾਮਾਂ ਅੰਦਰ
ਤੇ
ਜਾ ਪਹੁੰਚਦਾ
ਵਾਪਰੇ ਹਾਦਸਿਆਂ ਅੰਦਰ
ਇਕ ਆਵਾਜ਼
ਸਦਾ ਗੂੰਜਦੀ
ਤੇ
ਆਥਣ ਵੇਲੇ
ਕਮਲਾ ਹੋਇਆ
ਚਲਦਾ ਹੀ ਰਹਿੰਦਾਂ
ਵੱਡੀਆਂ-ਵੱਡੀਆਂ ਸ਼ਹਿਰੀ ਸੜਕਾਂ ਤੇ
ਇਕ ਗੂੰਜ
ਗੂੰਜਦੀ ਰਹਿੰਦੀ ਏ
ਮੇਰੇ ਅੰਦਰ
ਧੁਰ ਅੰਦਰ ਤੀਕ
ਤੇ
ਮੇਰੀ ਚਾਲ
ਬੇਲਾਗ ਬੇ-ਪ੍ਰਵਾਹ ਜੇਹੀ
ਅਗੇ ਵਧਦੀ ਹੀ ਰਹਿੰਦੀ
ਮਹਿਰਮ ਦੀ ਭਾਲ 'ਚ
ਨਿਰੰਤਰ!

• •

## ਗੂੰਜ

ਆਵਾਰਾ ਬਦਲਾਂ 'ਚੋਂ
ਬਾਹਰ ਆ ਕੇ
ਜਾ ਟਕਰਾਉਂਦੀ
ਗੂੰਜਦੀ ਹੋਈ
ਅਹਿਲ ਪਏ ਪਹਾੜਾਂ ਸੰਗ।
ਤੇ
ਠੰਡੀਆਂ ਪਈਆਂ
ਪਹਾੜੀਆਂ, ਕਿੰਗਰੇ,
ਖੂੰਦਰਾਂ, ਨੁੱਕਰਾਂ,
ਭਰਦੇਂਦੀ ਤਪਸ਼
ਤੇ
ਮਿਟਾ ਦੇਂਦੀ ਹਸਤੀ
ਕੜਕਦੀ ਬਰਦੀ ਅੱਗਨ!
ਤੇ
ਰੂਹ ਵੇਖਦੀ
ਉੱਚਾ ਉਠਕੇ
ਕੁਦਰਤ ਦੇ ਵਜੂਦ ਦਾ ਨੰਗਾ ਸੱਚ!
ਗੂੰਜ!
ਉਤਰ ਜਾਂਦੀ ਡੂੰਘੀ
ਮੇਰੇ ਅੰਦਰ
ਭਾਲਦੀ ਰੂਹ ਨੂੰ
ਜੋ ਵੇਖਦੀ
ਉੱਚਾ ਉਠਕੇ
ਮੇਰੇ ਵਜੂਦ ਦਾ ਨੰਗਾ ਸੱਚ!

• •

## ਮੁਹੱਬਤ

ਕਿਵੇਂ ਮੰਨ ਲਵਾਂ
ਮੁਹੱਬਤ ਸੱਚੀ ਏ
ਮਲਕੜ੍ਹੇ ਜੇਹੇ ਉਹਨੇ ਕਿਹਾ ਸੀ!
ਮੈਂ ਅੰਦਰ ਹੀ ਅੰਦਰ
ਮੁਹੱਬਤੀ
ਨਸ਼ੇ 'ਚ ਵਿਚਰਦਾ ਰਿਹਾ
ਕੀ ਦੇਂਦਾ ਪ੍ਰਮਾਣ
ਉਹਦੀ ਇਸ ਅਦਾਵਤ ਦਾ।
ਮੁਹੱਬਤਾਂ ਨਾਲ ਪੇਟ ਨਹੀਂ ਭਰਦੇ
ਉਹਨੇ ਗੱਲ ਨੂੰ ਅੱਗੇ ਤੋਰਿਆ।
ਸੱਚ ਵੀ ਤਾਂ ਹੈ
ਕਿਵੇਂ ਭਰਾਂ ਉਹਦੀ ਝੋਲੀ,
ਕਿਵੇਂ ਦਸਦਾ
ਵਿਰਸਾ ਮੁਹੱਬਤ ਵਾਲਾ
ਸਭਿਆਚਾਰਕ ਪਿਛੋਕੜ
ਜਿਸ ਦੀ ਨੀਂਹ
ਮੁਹੱਬਤ ਤੇ ਹੈ।
ਮੁਹੱਬਤਾਂ ਕਾਲਪਨਿਕ ਨੇ

ਵਾਸਤਵ ਤੋਂ ਬਹੁਤ ਦੂਰ,
ਉਹਨੇ ਮੁੜ ਕਿਹਾ।
ਸੱਚ ਵੀ ਹੈ
ਕਲਪਨਾ 'ਚ
ਇਹ ਵੀ ਭੁੱਲ ਗਿਆ
ਜਾਲ ਕਿਸੇ ਦਾ ਵੀ ਹੋਵੇ
ਹੁੰਦਾ ਜਾਲ ਹੀ ਹੈ,
ਉਦੇੜਨਾ ਬੁਣਨਾ
ਉਹਦੇ ਅੰਦਰ ਧਸ ਜਾਣਾ
ਮਕੜੀ ਵਾਂਗ...।
ਮੁਹੱਬਤ,
ਕੇਵਲ ਸ਼ਬਦਾਂ ਅੰਦਰ
ਇਕ ਜਾਲ ਉਣਦੀ ਬੁਣਦੀ ਏ
ਆਪਣੀ ਚਾਲ ਅੰਦਰ।

• •

## ਗਹਿਰਾਈਆਂ ਵਿਚ

ਇਸ ਗਹਿਰੇ
ਅਥਾਹ ਸਮੁੰਦਰ 'ਚ
ਰੋਜ਼ ਡੁੱਬਦਾ ਹੀ ਜਾਂਦਾ
ਲੱਭਣ ਨੂੰ ਥਾਹ!
ਅਥਾਹ ਗਹਿਰਾਈ
ਮੁੱਕਣ ਤੇ ਨਾ ਆਂਦੀ
ਝਟ ਖ਼ੌਫ਼ਜ਼ਦਾ ਹੋ ਜਾਂਦਾ ਹਾਂ
ਤੇ
ਮੈਨੂੰ ਆਪਣਾ ਵਜੂਦ
ਜਾਪਦਾ ਹੈ ਸਿਫ਼ਰ-ਸਿਫ਼ਰ!
ਗਹਿਰਾਈ ਦਾ ਖੌਫ਼
ਝਲਿਆ ਨਹੀਂ ਜਾਂਦਾ
ਕਦੀ-ਕਦੀ ਲਗਦੈ
ਇਸ ਡੋਬ ਅੰਦਰ
ਅਕਹਿ ਕਸ਼ਿਸ਼ ਏ।
ਤਾਂਹੀਂ ਤੇ
ਨਸ਼ਿਆ ਜੇਹਾ
ਛਡ ਦੇਂਦਾ ਹੱਥ ਪੈਰ ਮਾਰਨੇ
ਤੈਰਦਾ ਹੀ ਰਹਿੰਦਾਂ
ਠੰਡ ਪੈਣ ਤੱਕ!

• •

# ਉਹਲਾ

ਕਦੀ ਤਾਂ ਰਹਿਣ ਦੇਂਦੀ
ਉਹਲਾ
ਮੇਰੇ ਚਿੱਤ ਦਾ
ਕਲਾਵੇ 'ਚ ਲਪੇਟ ਕੇ!
ਹੌਲੀ-ਹੌਲੀ
ਫ਼ੈਲਦਾ ਹੋਇਆ
ਮੇਰਾ ਵਜੂਦ
ਤੇ
ਅੱਖਾਂ ਵਿਚਲੀ ਖ਼ੁਮਾਰੀ
ਨਿੱਘੀ-ਨਿੱਘੀ
ਕੋਸੀ-ਕੋਸੀ
ਬਸ ਖਿੱਚਿਆ ਹੀ ਜਾਂਦਾ
ਤੇਰੀ ਗ੍ਰਿਫ਼ਤ ਅ0ਤੰਦਰ
ਹੌਲੀ-ਹੌਲੀ
ਲੀਰੋ ਲੀਰ ਹੁੰਦਾ ਹੋਇਆ
ਇਹ ਤਾਂ
ਮੇਰੇ ਤੇਰੇ ਅੰਦਰ
ਵਸਦਾ ਰਹਿੰਦਾ
ਚਿਤ ਤੋਂ ਰੂਹ ਤੱਕ ਦਾ ਸਫ਼ਰ
ਤੈਥੋਂ ਨਹੀਂ ਲਕੋਂਦਾ।

• •

## ਪਗਡੰਡੀ

ਪਗਡੰਡੀ ਦੇ ਸੇਧੇ
ਤੁਰਦਾ-ਤੁਰਦਾ
ਗੁਆਚ ਹੀ ਜਾਂਦਾ ਹਾਂ
ਪਗਡੰਡੀ ਦੀ ਸਰਸਰਾਉਂਦੀ
ਠੰਡੀ ਪੌਣ ਅੰਦਰ
'ਤੇ
ਆ ਬਹੁੜਦਾ ਹਾਂ
ਸਰ-ਸਬਜ਼ ਮਾਰਗਾਂ ਅੰਦਰ
ਦਿਸ਼ਾ ਹੀਨ
ਖੁੱਲ੍ਹੇ ਨੀਲੇ ਆਕਾਸ਼
ਨੂੰ
ਮਾਣਦਾ ਹੋਇਆ।
ਪਗਡੰਡੀ
ਖਿੜਕੀ ਬਣੀ ਰਹੀ
ਉਡੀਕਦੀ ਹੋਈ
ਹੌਲੀ-ਹੌਲੀ।
ਮੇਰੀ
ਇਕ ਅਮਿੱਟ ਯਾਦ ਅੰਦਰ
ਸੋਨ0ਤੇ ਹੀ ਤਾਰ ਵਾਂਗ
ਮੇਰੇ ਜ਼ਿਹਨ ਤੋਂ
ਗੁਆਚੀ-ਗੁਆਚੀ।

• •

## ਕੈਦ

ਕੈਦ ਕਰ ਦੇਂਦੀਆਂ ਨੇ
ਸੋਚਾਂ
ਪਲਾਂ ਛਿਨਾਂ ਅੰਦਰ
ਇਕ ਸੀਮਤ ਘੇਰੇ 'ਚ!
ਘੇਰਾ
ਵਧਦਾ ਜਾਂਦਾ
ਹੌਲੀ-ਹੌਲੀ
ਵਿਸ਼ਾਲ ਦਿਸ਼ਾਵਾਂ ਅੰਦਰ।
ਸੋਚਾਂ
ਆਪਣਾ ਰੂਪ
ਆਕਾਰ
ਲੈ ਆਉਂਦੀਆਂ ਨੇ
ਵਿਸ਼ਾਲ ਤੋਂ ਵਿਚਰਦੀਆਂ ਹੋਈਆਂ
ਇਕ ਬਿੰਦੂ ਅੰਦਰ
ਅਰਥ ਭਰਪੂਰ!

• •

## ਮੈਂ ਤੇ ਬੁੱਤ

ਮੈਂ
ਬੁੱਤ ਸੰਗ ਹੰਢਾਈ ਜ਼ਿੰਦਗੀ
ਕੀਕਣ ਜੀਵਾਂ
ਨਿਰਲੱਜ
ਨਿਰ-ਛੱਲ
ਤਮਾਸ਼ਾ ਬਣ ਜਾਣਾ...
ਮੈਂ
ਆਪਣਾ ਆਪਾ
ਵੇਖ ਲਿਆ ਏ!
ਜੇ ਤੂੰ ਆਖੇਂ
ਦੋਸ਼ ਮੇਰਾ ਕੀ ਏ
ਤੂੰ ਬੁੱਤ ਬਣ ਹੰਢਾ ਲੈ
ਮੈਂ
ਹੱਡ ਮਾਸ ਦਾ ਪੁਤਲਾ
ਕੀਕਣ ਸਹਿ ਲਵਾਂ
ਇਕ ਆਸ
ਗੰਢਣ ਵਾਲੀ
ਜਦੋਂ ਟੁੱਟਦੀ ਏ,
ਮੈਂ
ਬੁੱਤ ਤੋਂ
ਮੈਂ ਦੇ ਵਿਚਕਾਰ
ਵਹਿੰਦਾ ਹਾਂ
ਸੁੱਕੇ ਦਰਿਆ ਜੇਹਾ
ਆਪਣੇ ਹੀ ਨੰਗੇਜ ਅੰਦਰ।

• •

## ਮੁਹੱਬਤ

ਬਹੁਤ ਹੀ
ਲੰਮਾ ਸਫ਼ਰ ਤੈਅ ਕੀਤਾ ਏ
ਅੱਖਾਂ 'ਚ ਉਤਾਰਦ ਹੋਇਆ
ਉਸ 'ਸਰਵਾ' ਦੀ ਮੁਹੱਬਤ ਨੂੰ
ਜਿਹੜੀ ਸਹਿਜੇ ਹੀ
ਆਣ ਲਥੀ ਏ
ਮੇਰੀਆਂ ਅੱਖਾਂ ਅੰਦਰ
ਪੋਲੇ ਜੇਹੀ
ਉਹਦੇ ਹੱਥਾਂ 'ਚ ਹੱਥ ਦੇਂਦਾ ਹੋਇਆ
ਅੱਖਾਂ ਨਿਵਾਂ ਕੇ
ਮੇਰੀਆਂ ਤਲੀਆਂ ਨੂੰ ਚੁੰਮਦੀ ਹੋਈ
ਭਰੀਆਂ ਅੱਖਾਂ ਨਾਲ
ਮੇਰੇ ਵੱਲ ਝਾਕਦੀ ਏ
ਜਿਵੇਂ
ਸੱਚ ਮੁਚ ਹੀ
ਉਸ ਤੋਂ ਦੂਰ
ਕਿਧਰੇ ਬਹੁਤ ਦੂਰ
ਭੱਜ ਗਿਆ ਸਾਂ
ਉਹ ਉਡੀਕਦੀ ਹੋਈ
ਘਣੀਆਂ ਜ਼ੁਲਫ਼ਾਂ
ਚਿਹਰੇ ਤੋਂ ਹਟਾਂਦੀ ਹੋਈ
ਮੇਰੇ ਵੱ0ਤਲ
ਝਾਕਦੀ ਏ
ਰੋਸਾ-ਗਿਲਾ ਸ਼ਿਕਵਾ
ਇਨ੍ਹਾਂ ਸਾਰਿਆਂ ਲਫ਼ਜ਼ਾਂ ਨੂੰ ਭੁੱਲ ਕੇ

ਝਟ ਲਿਪਟ ਜਾਂਦੀ
ਮੇਰੇ ਸੀਨੇ ਨਾਲ।
ਸੱਚ ਹੀ ਤਾਂ ਹੈ
ਮੁਹੱਬਤ
ਨਹੀਂ ਡਕ ਸਕੀ
ਆਪਣੇ ਮੁਹੱਬਤੀ ਦਰਿਆ ਨੂੰ
ਦਰਦ ਪੀੜਾਂ
ਅੰਦਰ ਹੀ ਅੰਦਰ
ਦੱਬਦੀ ਹੋਈ
ਛੂਹ ਕੇ ਵੇਖਦੀ ਏ
ਮੇਰੇ ਆਕਾਰ ਨੂੰ
ਹਾਂ
ਮੈਂ ਆ ਚੁਕਾ ਵਾਂ
ਸਾਖਿਆਤ
ਤੇਰੀਆਂ ਬਾਹਵਾਂ 'ਚ
ਸਫ਼ਰ ਤੈਅ ਕਰ ਆਇਆਂ
ਤੇਰੀ ਮੁਹੱਬਤ ਮੋੜ ਲਿਆਈ ਏ
ਇਹੋ ਤਾਂ
ਕਸ਼ਿਸ਼ ਏ
ਸੱਚੀ ਮੁਹੱਬਤ ਦੀ।

• •

## ਬਿਹਬਲ

ਬਿਹਬਲ
ਰਹਿੰਦਾ ਹਾਂ
ਤਤਪਰ ਵੀ
ਤੇਰੇ 'ਚ ਸਮਾਣ ਨੂੰ
ਤੂੰ ਜਾਣਦੀ ਏਂ
ਤੇਰੇ ਤੋਂ ਵਿਯੋਗਿਆ
ਨਹੀਂ ਸਹਾਰਦਾ
ਕਦੀ ਚੇਤੇ ਕਰ ਲਿਆ ਕਰ
ਮੇਰੀ ਮੁਹੱਬਤ
ਵਿਛੁੰਨੇ ਪਨ ਦਾ ਅਹਿਸਾਸ
ਤੂੰ ਵੀ ਜਾਣਦੀ ਏਂ
ਇੰਝ ਮੋਨ ਰਹਿ ਕੇ
ਕੇਵਲ
ਹਨੇਰਾ ਹੀ ਹਨੇਰਾ
ਤੇਰੇ ਮੇਰੇ ਦੁਆਲੇ
ਪਸਰ ਆਉਂਦਾ ਏ
ਤੇਰੇ ਲਈ
ਤੇਰੇ ਨਾਲ ਮਿਲਣ ਲਈ
ਬਿਹਬਲ ਹਾਂ
ਬਸ ਬਿਹਬਲ।

• •

## ਤਸਵੀਰ

ਫ਼ਰੇਮ 'ਚ
ਜੜੀ ਤੇਰੀ ਤਸਵੀਰ
ਧੁੰਦਲੇ ਜੇਹੇ
ਆਕਾਰਾਂ ਅੰਦਰ
ਗੁਆਚ ਜਾਂਦੀ ਏ।
ਇਕ ਸੱਚ
ਹਲੂਣਦਾ ਤੇ ਵਲੂੰਦਰਦਾ
ਘਸੀਟ ਲੈਂਦਾ ਏ
ਮੈਂ ਬਦੋ ਬਦੀ
ਧਰੂਹ ਖਿੱਚ ਅੰਦਰ
ਬੇਹਿਸ ਜੇਹਾ
ਘਸੀਟੀ ਜਾਂਦਾ ਹਾਂ।
ਖੌਰੇ
ਕਿਸੇ ਹਰਿਆਵਲ
ਨੂੰ ਭਾਲਦਾ ਹੋਇਆ।

• •

## ਛੋਹ

ਤੈਨੂੰ ਯਾਦ ਕਰਨਾ
ਜਿਵੇਂ ਮੇਰੇ ਨਿਤ ਦਾ ਕਾਰਜ ਹੋਵੇ
ਕਈ ਚਿਤਰ
ਦ੍ਰਿਸ਼ਟ–ਅਦ੍ਰਿਸ਼ਟ
'ਤੇ
ਭਾਵ
ਆ ਛੂਹੰਦੇ ਨੇ
ਮੇਰੀ ਆਤਮਾ ਨੂੰ
ਮੈਂ
ਉਸ ਅਧੂਰੇ ਸੁਪਨੇ ਨੂੰ
ਮੁਹੱਬਤੀ ਛੂਹ
ਮਨ ਲੈਂਦਾ ਹਾਂ
ਤੇ
ਗੁਆਚ ਜਾਂਦਾ
ਛੂਹ
ਅਤੇ
ਧੁੰਦਲੇ ਅਕਸਾਂ ਵਿਚਾਲੇ!

• •

## ਨਿਰਸੰਗ

ਕਿੰਨੇ ਹੀ ਅਰਸੇ ਤੋਂ
ਤੇਰੀ ਭਾਲ 'ਚ ਗੁਆਚੀ ਫਿਰਦੀ ਹਾਂ
ਨਿਰਸੰਗ
ਭਲਾ ਤੂੰ ਕੀ ਜਾਣੇ
ਸੰਗ ਤੇ ਨਿਰਸੰਗ ਦਾ ਭੇਦ
ਕੇਵਲ
ਆਪਣੀ ਹਊਮੈ ਅੰਦਰ
ਕਦੀ
ਇਕ-ਮਿਕ ਹੋ ਜਾਂਦੈ
ਕਦੀ
ਦੂਰੀ ਅਪਨਾ ਲੈਂਦੇ
ਮੈਂ ਗੁਆਚ ਜਾਂਦੀ ਹਾਂ
ਇਤਿਹਾਸ ਦੇ ਪੰਨਿਆਂ 'ਚ
ਮੈਂ
ਕੇਵਲ ਆਪਣੇ ਅਨੰਤ ਲਈ
ਤੈਨੂੰ ਉਡੀਕਦੀ ਹਾਂ
ਆਪਣੇ ਵਿਵੇਕ 'ਚ
ਨਹੀਂ ਜੀ ਸਕਦੀ
ਤੇਰੇ ਵਿਚ ਮੈਂ
ਗੁਆਚੀ ਰਹਿੰਦੀ ਹਾਂ
ਨਾ ਕਰ
ਮੈਨੂੰ ਨਿਰਸੰਗ
ਮਾਣਨ ਦੇ
ਸੰਗ ਦੇ ਸਮੁੰਦਰ ਦੀ ਡੁਬਕੀ।

• •

## ਅਨੰਤ

ਸਿਰਜਿਆ
ਤੂੰ ਏਂ
ਤੇਰੀ ਸ਼ਕਤੀ
ਅਪ੍ਰੰਮਪਾਰ ਏ
ਇਸ ਸੱਚ ਨੂੰ
ਪਰਮ ਸੱਚ ਮੰਨਦਾ ਹਾਂ
ਮੁਨਕਰਦਾ ਨਹੀਂ
ਇਸ ਸਿਰਜਣਾ ਅੰਦਰ
ਤੂੰ ਵੀ ਅਥਾਹ ਪੀੜਾਂ ਝੱਲੀਆਂ
ਮੇਰੀ ਪੀੜਾ ਨੂੰ ਸਮਝਿਆ
ਇਨ੍ਹਾਂ ਛੋਹਾਂ ਨੇ
ਤੈਨੂੰ ਵੀ
ਸੁੱਖ-ਦੁੱਖ ਦਿੱਤਾ
ਤੇਰੀ ਸਿਰਜਣਾ
ਇਸੇ
ਲੁਕੀ ਪਈ
ਸ਼ਕਤੀ ਨੂੰ
ਭਾਲਦਾ ਹਾਂ
ਕਦੀ-ਕਦੀ
ਆਪਣੇ ਮਨ ਸਾਗਰ 'ਚ
ਸੱਚ ਜਾਣ
ਇੱਕ ਹਨੇਰਾ
ਪਸਰਿਆ ਹੋਇਆ ਦਿਸਦਾ ਏ
ਇਸ ਹਨੇਰੀ ਧੁੰਦ ਅੰਦਰ
ਚਾਨਣ ਨੂੰ ਭਾਲਦਾ ਹਾਂ!

• •

## ਸੰਬੰਧ

ਸੰਬੰਧਿਤ ਹਾਂ
ਮੈਂ
ਤੇਰੇ ਤੇ ਆਪਣੇ ਵਿਚਕਾਰ
ਕੇਵਲ ਇਕ ਕੜੀ
ਜੁੜੀ ਹੋਈ
ਅਜ਼ਲਾਂ ਤੋਂ
ਇਹ ਸੰਬੰਧ
ਚਲ ਰਿਹਾਂ ਏ
ਹਾਂ
ਕਦੀ ਕਦੀ ਤੂੰ
ਵਫ਼ਾ ਨਹੀਂ ਨਿਭਾਂਦਾ
ਮੈਂ ਇਸ ਸੰਬੰਧ ਤੇ
ਪਹਿਰਾ ਦੇ ਰਹੀ ਹੁੰਦੀ ਹਾਂ
ਤੇਰੀ ਦਹਿਲੀਜ਼ ਬਣ
ਕਦੀ ਵੀ
ਟੁੱਟਣ ਨਹੀਂ ਦੇਂਦੀ
ਇਹ ਸੰਬੰਧ
ਜੋੜਦਾ ਏ ਤੇ
ਲੈ ਜਾਂਦਾ ਏ
ਅਮੁਕਤ
ਭਾਵਨਾ ਅੰਦਰ
ਦੋਹਾਂ ਨੂੰ

• •

## ਯਾਦਾਂ

ਜਦੋਂ ਕਦੀ ਵੀ
ਮਿਲਦੇ ਹਾਂ
ਹਰੇ ਭਰੇ ਜੰਗਲ ਅੰਦਰ
ਗੁੰਮ ਸੁੰਮ
ਆ ਢੁਕਦੇ ਹਾਂ
ਨੇੜੇ
ਹੋਰ ਨੇੜੇ
ਵਾਚਦੇ ਹੋਏ
ਆਪੋ ਆਪਣੇ ਚਿਹਰੇ
ਇਕ ਦੂਜੇ ਦੇ
ਅਕਸ
ਨੈਨਾਂ ਵਿਚਾਲੇ
ਸ਼ੂਕਦੀ ਹੋਈ ਹਵਾ
ਛੇੜ ਦੇਂਦੀ ਸੰਗੀਤਮਈ ਲੈਅ,
ਰਿਦਮ ਅੰਦਰ ਹੀ
ਕਾਮੁਕਤਾ
ਲਪੇਟ ਦੇਂਦੀ
ਸਾਡੇ ਵਜੂਦ ਨੂੰ
ਇਹ ਹਰਿਆ ਭਰਿਆ ਜੰਗਲ
ਬਣ ਜਾਂਦਾ ਏ
ਸਾਡੀਆਂ ਯਾਦਾਂ
ਨੇੜੇ ਤੇੜੇ ਢੁੱਕ ਬੈਠਣ ਨੂੰ

• •

## ਪਰਵਾਨਾ

ਕਦੀ ਕਦੀ
ਪਰਵਾਨਾ ਬਣ ਜਾਂਦਾ ਹਾਂ
ਤੇ
ਤੂੰ ਦੀਵਾ ਬਣ-ਬਣ
ਦੇ ਰਹੀ ਹੁੰਦੀ ਏ
ਲੋਅ
ਮੇਰੇ ਅੰਦਰ
ਜਗ ਉੱਠਦੀ ਏ
ਜੋਤ
ਮੈਂ
ਬੇਕਾਬੂ ਹੋਇਆ
ਆ ਖਲੋਂਦਾ
ਤੇਰੀ ਲੋਅ ਮੂਹਰੇ
ਸ਼ੁਦਾਈ ਬਣ-ਬਣ
ਮਰ ਮਿੱਟਣ ਨੂੰ
ਮੈਂ ਕਦੀ ਵੀ
ਇਹ ਫ਼ੈਸਲਾ ਨਹੀਂ ਕਰ ਪਾਇਆ
ਅਜੇਹਾ ਕਿਉਂ ਹੁੰਦਾ ਏ ?
ਆਪਣੇ ਸੜੇ ਪੰਖਾਂ ਦੀ ਸੜਾਂਦ
ਧੁੜਕ ਰਹੇ ਸ਼ਰੀਹ ਦੀ ਤਪਸ਼,
ਐਪਰ
ਮੇਰੀ ਅੱਖ
ਤੇਰੀ ਬਾਹਰੀ
ਲੋਅ ਦੇ ਅਕਾਰ 'ਚੋਂ
ਤੇਰੀ ਅੰਦਰਲੀ
ਪੀਲੀ ਅੱਖ ਨੂੰ
ਵਾਚਦੀ ਹੋਈ
ਮੂੰਦ ਜਾਂਦੀ ਏ।
ਪਰਵਾਨਾ ਬਣ ਕੇ!!!

• •

## ਘਰ ਤੇ ਪਰੰਪਰਾ

ਮੈਂ ਕਦੀ
ਘਰ ਨਹੀਂ ਹੁੰਦਾ
ਨਾ ਹੀ ਕਦੀ ਪਰੰਪਰਾ
ਕੈਦ ਕਰ ਪਾਂਉਂਦੀ ਏ,
ਉਸਾਰਦੀ ਹੋਈ
ਮੇਰੇ ਦੁਆਲੇ
ਸ਼ਬਦ ਚਿਤਰ
'ਤੇ ਮੈਂ ਸ਼ਬਦਾਂ ਅੰਦਰ
ਚਿੰਨਾਂ ਪ੍ਰਤੀਕਾਂ 'ਚ ਵੀ
ਕਦੀ ਗੁਆਚਦਾ ਨਹੀਂ।
ਐਪਰ ਉਹ ਘਸੀਟ ਲੈਂਦੇ ਨੇ
ਬਾ-ਬੁਲੰਦ ਆਵਾਜ਼
ਮੇਰੇ ਸ਼ਬਦ ਚਿਤਰਾਂ ਨੂੰ
ਅੱਡ- ਅੱਡ ਕਰਦੇ ਹੋਏ
ਫ਼ਜ਼ੂਲ ਜਾਣ ਕੇ
ਆਪਣੇ ਸ਼ਬਦਾਂ ਨੂੰ ਵਰਤਦੇ
ਇਨ੍ਹਾਂ ਸ਼ਬਦਾਂ 'ਚ
ਬੁਰੇ ਭਲੇ ਦੀ ਪਛਾਣ
ਮੈਨੂੰ ਵੀ ਏ
ਇਸੇ ਲਈ ਮੈਂ
ਕਦੀ ਘਰ ਨਹੀਂ ਰਹਿੰਦਾ
ਪਰੰਪਰਾ ਦੇ ਸ਼ਬਦਾਂ ਅੰਦਰ
ਕਦੀ ਕੈਦ ਨਹੀਂ ਹੁੰਦਾ
ਆਪਣੇ ਹੀ ਸ਼ਬਦਾਂ ਨੂੰ
ਸੰਵਾਰਦਾ ਹੋਇਆ
ਦੂਰ ਖੜੋਤਾ
ਉਨ੍ਹਾਂ ਦੇ ਚਿੜ-ਚਿੜੇ ਪਨ ਨੂੰ
ਵਾਚਦਾ ਹਾਂ
ਘਰੋਂ ਬਾਹਰ ਹੋ ਕੇ।

• •

## ਪ੍ਰੀਤ

ਜਦੋਂ ਕਦੀ
ਉਸ ਥੇਹ ਤੇ ਅਪੜਦਾ
ਚੋਪਾਸੀਂ
ਵੀਰਾਨੀਆਂ ਆ ਘੇਰਦੀਆਂ ਨੇ
ਖਾਮੋਸ਼ੀ
ਠੰਡੀ ਪੌਣ
ਠਾਰ ਦੇਂਦੀ ਏ
ਮੇਰਾ ਵਜੂਦ।
ਤੜਪ ਉਠਦਾ ਏ
ਆਲਾ ਦੁਆਲਾ
ਮੈਂ
ਤਾਪ ਅੰਦਰ ਭਖਿਆ ਹੋਇਆ
ਅਬੜ ਵਾਹੇ
ਬੋਲਦਾ ਹਾਂ
ਭੋਗੇ ਸੰਤਾਪ
ਭੁੱਲ ਜਾਂਦਾ ਹਾਂ
ਪ੍ਰੀਤ
ਅਜੇ ਤਾਂ
ਸੋਗ ਹੰਢਾ ਰਿਹਾ ਵਾਂ
ਕਿਵੇਂ ਕਰਾਂ
ਪ੍ਰੀਤ
ਪ੍ਰੀਤ ਪ੍ਰੇਤ ਬਣ-ਬਣ
ਨਚਦੀ ਏ
ਮੇਰੇ ਆਲੇ ਦੁਆਲੇ
ਅਜੇ
ਵਕਤ ਦੂਰ ਏ
ਬਹੁਤ ਦੂਰ।

• •

## ਭਰਪੂਰ

ਤੇਰਾ
ਮੇਰੇ ਦਰ ਦੇ ਅਪੜ੍ਹਨਾ
ਸੱਚ ਜਾਣੀਂ
ਮੇਰੇ ਤਨ ਮਨ ਅੰਦਰ
ਚਿੰਗਾਰੀ ਆ ਭੜਕਦੀ ਏ
’ਤੇ
ਮੈਂ
ਇਸ ਮਿੱਠੀ ਮਿੱਠੀ ਗਰਮਾਇਸ਼ ਵਿਚ
ਹੌਲੀ ਹੌਲੀ ਉਤਰ ਆਉਂਦਾ
’ਤੇ
ਹੌਲੀ ਹੌਲੀ
ਮਗਧੀਆਂ ਹੋਈਆਂ ਚਿੰਗਾਰੀਆਂ
ਸੀਤ ਹੋ ਜਾਂਦੀਆਂ
ਇੱਕ ਫ਼ਾਸਲੇ ਅੰਦਰ
ਮੇਰੇ ਦਰ ਤੇ
ਤੇਰੇ ਅਪੜਨ ਤੀਕ
ਮੈਂ
ਪੂਰੇ ਆਵੇਗ ਵਿਚ
ਹੋ ਜਾਂਦਾ ਹਾਂ
ਭਰਪੂਰਤਾ ਦਾ ਇਕ ਬਿੰਦੂ।

• •

## ਵਜੂਦ

ਤੂੰ ਕਜੇਹਾ
ਅਹਿਸਾਸ ਏਂ
ਜਿਸ ਵਿਚ
ਮੈਂ ਤੇ ਤੂੰ
ਸਮੋਏ ਰਹਿੰਦੇ ਹਾਂ
ਕਦੀ ਲਗਦੈ
ਤੂੰ ਕੇਵਲ
ਆਪਣੇ ਤੂੰ ਅੰਦਰ ਹੀ
ਵਸ ਰਹੀ ਏਂ
ਤੇ
ਮੈਂ ਇੰਜ ਹੀ
ਭਾਲ ਰਿਹਾ
ਤੈਨੂੰ ਆਪਣੀ ਮੈਂ ਅੰਦਰ
ਵਾਸਤਵ ਵਿਚ
ਅਜੇਹਾ ਕਿਉਂ ਲਗਦਾ ਏ
ਤੂੰ
ਆਪਣੀ ਚੇਤਨਾ ਅੰਦਰ
ਬਹੁਤ ਕੁਝ ਲੁਕਾ ਲਿਆ ਏ
ਮੈਂ
ਬੰਦ ਬੂਹੇ ਤੇ ਖਲੋਤਾ
ਉਡੀਕ ਕਰ ਰਿਹਾਂ
ਜਾ ਆਪਣੀ
ਮੈਂ ਅੰਦਰ
ਵਸਾ ਬੈਠਾਂ
ਤੇਰੇ ਵਜੂਦ ਨੂੰ
ਸਾਲਮ ਸਬੂਤਾ।

• •

## ਮੈਂ ਬੇਪਰਵਾਹ ਜੇਹਾ

ਦਹਿਲੀਜ਼ ਤੋਂ
ਬਾਹਰ
ਪੈਰ ਧਰਦਿਆਂ ਹੀ
ਮੇਰੇ ਪੈਰ
ਬੇਪਰਵਾਹ ਜੇਹੇ
ਬਦੋ ਬਦੀ
ਕਿਸੇ ਸਿਮਤ ਵੱਲ
ਚਲ ਪੈਂਦੇ ਨੇ
ਜਿਵੇਂ ਕੋਈ
ਬਦੋ ਬਦੀ
ਧਰੂ ਰਿਹਾ ਏ ਮੈਨੂੰ
ਤੇ
ਆ ਖਲਾਰਦਾ
ਪੱਤਣ ਤੇ
ਦਰਿਆ ਦੇ ਪਾਣੀ ਦੀ ਸਪਰਸ਼
ਠਾਰ ਦੇਂਦੀ
ਮੇਰੇ ਸਾਰੇ ਵਜੂਦ ਨੂੰ
ਦਰਿਆ ਦੇ ਪਾਰ
ਮੇਰੀ ਉਡੀਕ
ਉਸ ਪਾਰ ਵੱਸਦੀ ਏ

ਮੈਂ
ਬੇ-ਪ੍ਰਵਾਹ ਜੇਹਾ
ਚਲ ਪੈਂਦਾ ਹਾਂ
ਮੇਟਦਾ ਹੋਇਆ ਲਕੀਰਾਂ
ਅਜੇਹਾ
ਕਿਉਂ ਕਰਦਾ ਹਾਂ ?
ਇਹ ਸਵਾਲ
ਦਰਿਆ ਦੇ ਪਾਰ
ਮੇਰਾ ਪਿਛਾ ਨਹੀਂ ਛਡਦਾ
ਸੱਚ
ਦਹਿਲੀਜ਼ ਤੋਂ
ਬਾਹਰ
ਬਹੁਤ ਕੁਝ
ਘੱਟ ਜਾਂਦਾ ਏ
ਰਾਹਾਂ ਤੇ।

• •

## ਦੂਰ-ਨੇੜੇ

ਮੈਂ
ਨਹੀਂ ਜਾਣਦਾ
ਤੇਰੇ ਮੇਰੇ ਵਿਚਲੀ ਦੂਰੀ
ਨਾ ਹੀ ਜਾਣਦਾ
ਤੇਰੀ ਨਜ਼ਦੀਕੀ ਨੂੰ
ਉਂਝ
ਜੇ ਕਰ
ਮੇਰੇ ਪਾਸ ਕੋਈ
ਪੈਮਾਨਾ ਹੁੰਦਾ
ਝੱਟ ਜਾਣ ਲੈਂਦਾ
ਤੇਰੇ ਦਿਲ ਵਿਚਲੀ ਗੱਲ
ਤੇ
ਲਿਖ ਦੇਂਦਾ ਨਵੀਂ ਇਬਾਰਤ
ਤੇ ਪੜ੍ਹ ਲੈਂਦਾ
ਤੇਰੀ ਅਨੰਤਤਾ
...
ਅਤੇ
ਖਿੱਚ ਹੀ ਲੈਂਦਾ
ਤੈਨੂੰ
ਆਪਣੀਆਂ ਰਗਾਂ ਅੰਦਰ।
ਕਦੀ ਲਗਦੈ
ਤੂੰ
ਇੰਨੀ ਨੇੜੇ ਏਂ
ਜਿੰਨਾ ਮੈਂ
ਆਪਣੇ ਪਾਸ ਹਾਂ।

• •

## ਹਨੇਰਾ

ਸਾਰੀ ਨਗਰੀ 'ਚ ਪਸਰਿਆ ਏ
ਹਨੇਰੇ ਅੰਦਰ
ਉਦਾਸ ਅੱਖਾਂ
ਸੋਗ 'ਚ ਡੁੱਬੀਆਂ
ਡਰ ਏ
ਰੌਸ਼ਨੀ 'ਚ
ਹੋਰ ਉਦਾਸੀ ਦੇ ਛਾ ਜਾਣ ਦਾ
ਇਸ ਸੀਤ ਸਮੇਂ ਅੰਦਰ
ਅੰਦਰੋਂ ਅੰਦਰ ਹੀ
ਅੱਗ ਵੀ ਸੁਲਗ ਰਹੀ ਏ
ਬਾਰੂਦ ਵਿਛਿਆ ਹੋਇਆ ਏ
ਐਪਰ
ਹਨੇਰਾ ਅਜੇ ਵੀ ਬਰਾਜਮਾਨ ਏ
ਇਸ ਹਨੇਰੇ ਅੰਦਰ
ਸ਼ਹਿਰ ਦੇ ਨਕਸ਼ੇ ਨੂੰ
ਸ਼ਹਿਰ ਦੇ ਨਸੀਬ ਨੂੰ
ਵਾਹਿਆ ਜਾ ਰਿਹਾ ਏ,
ਐਪਰ
ਉਦਾਸ ਅੱਖਾਂ
ਜਾ ਚੁਕੇ ਜੀਆਂ ਨੂੰ
ਨਿਮੋਝੂਣੀ ਅੰਦਰ
ਚੇਤੇ ਕਰ ਰਹੀਆਂ ਨੇ
ਹਨੇਰੇ ਤੋਂ ਸਵੇਰ ਦੀ ਉਡੀਕ ਲਈ।

• •

## ਸਮਾਧੀ

ਤੂੰ
ਮੇਰੀ ਚੇਤਨਾ ਅੰਦਰ
ਸਦਾ ਬਿਰਾਜਮਾਨ
ਰਹਿੰਦੀ ਏਂ
ਇਸ
ਵਸਦੀ ਬਸਤੀ ਅੰਦਰ
ਤੈਨੂੰ ਵੱਖ ਨਹੀਂ ਕਰ ਪਾਉਂਦਾ
ਇਕ ਸੱਚ ਇਹ ਵੀ ਏ
ਇਹ ਕਜੇਹੀ ਗਾਥਾ ਏ
ਜਿਸ ਦੇ ਪਾਤਰ
ਅਸੀਂ ਤੇ ਸਾਡੀ ਹੋਂਦ
ਚੇਤਨਾ ਅੰਦਰ
ਸਮਾਧੀ 'ਚ ਬੈਠੇ
ਕਿਸੇ ਮਾਰਗ ਦੀ ਤਲਾਸ਼
ਕਈ ਜੂਹਾਂ
ਗੇੜ ਆਏ ਹਾਂ
ਚਿੰਤਨ ਮੰਥਨ ਦਾ ਗੇੜ
ਕਈ ਕੋਸ਼ਿਸ਼ਾਂ ਮਗਰੋਂ
ਕਿਤੇ ਅਪੜਦੇ
ਤੇ
ਸਮਾ ਲੈਂਦੇ ਹਾਂ
ਰੋਜ਼ ਹੀ
ਇੰਝ ਚੇਤਨਾ ਅੰਦਰ
ਇਕ ਦੂਜੇ ਨੂੰ
ਭਰਮਾਂਦਿਆਂ ਹੋਇਆਂ

• •

## ਯੰਤਰ

ਤੇਰੀ ਹੋਂਦ ਨੂੰ
ਮੈਂ ਭਾਂਪ ਲੈਂਦਾ–
ਤੇ
ਚੁੰਮ ਲੈਂਦਾ
ਤੇਰੇ ਸਾਰੇ
ਅਸਤਿਤਵ ਨੂੰ
ਤੇਰੀ ਹੋਂਦ
ਮੈਨੂੰ ਆਪਣੀ ਲਗਦੀ ਏ
ਕਿਸੇ ਯੰਤਰ ਵਾਂਗ
ਤੂੰ
ਮੇਰੇ ਮਨ ਅੰਦਰ
ਆਪਣੇ ਆਪ
ਕਿਸੇ
ਬੇਹਿਸ ਚੀਜ਼ ਵਾਂਗ
ਆਪਣੀ ਹੋਂਦ ਦੀ
ਹਿਲ ਜੁਲ ਕਰਦੀ ਏਂ
ਮੈਂ
ਹੌਲੀ ਹੌਲੀ
ਰਿਸਦਾ ਜਾਂਦਾ ਹਾਂ
ਬਿਨਾਂ ਕਿਸੇ
ਹਿਲ ਜੁਲ ਦੇ
ਆਪਣੇ ਆਪ ਹੀ।

• •

## ਵੇਗ

ਕੁਝ ਵੀ
ਕਿਵੇਂ ਨਾ ਕਿਵੇਂ
ਤੇਰੇ ਰੂਪ ਅੰਦਰ
ਤੱਤੀ ਵੇਗ ਲੱਭਦੀ ਏ
ਅਜੇਹੇ ਸੇਕ ਅੰਦਰ
ਮੈਂ ਵੀ ਗਵਾਂ ਲੈਂਦਾ ਹਾਂ
ਆਪਣ ਹੋਸ਼
ਝੱਲ ਲੈਂਦਾ ਹਾਂ
ਤੇਰੇ ਨਖਰੇ
ਅਜੇਹੇ ਕਰਮ ਅੰਦਰ
ਤੱਤੀ ਵੇਗ
ਵਹਿ ਜਾਂਦੀ ਏ
ਮੇਰੇ ਅੰਦਰ ਵੀ
ਕੁਝ ਵੀ
ਵਾਪਰ ਜਾਂਦਾ
ਕੇਵਲ ਝੂਲ ਰਿਹਾ ਹੁੰਦਾ
ਮੁਹੱਬਤੀ ਝੂਲਾ
ਵਰਚਾਉਂਦਾ ਹੋਇਆ
ਸਾਡੇ ਸਨਮੁੱਖ!

• •

## ਅਧੂਰੀ

ਤੂੰ
ਮੇਰੀ ਤਸਵੀਰ ਨੂੰ
ਵਿਚ ਵਚਾਲੇ ਛੱਡ ਦਿੱਤਾ ਏ
ਗੈਰ ਜ਼ਰੂਰੀ ਜਾਣ ਕੇ
ਕਲ
ਤੇਰੇ ਹੱਥਾਂ ਦੀਆਂ ਉਂਗਲਾਂ
ਕੋਈ ਹੋਰ ਤਸਵੀਰ
ਉਲੀਕਣ ਗੀਆਂ
ਕਿਸੇ ਹੋਰ
ਅਧੂਰੇ ਅਕਾਰ ਅੰਦਰ
ਇੰਝ
ਉਲੀਕਣਾ ਛਡਣਾ
ਤੇਰੀ ਜ਼ਿੰਦਗੀ
ਦੀ ਫ਼ਿਤਰਤ ਏ
ਜਾਂ
ਤੈਨੂੰ ਖ਼ੁਸ਼ੀ ਹੁੰਦੀ ਏ
ਜਾਂ
ਖ਼ੁਸ਼ੀ ਦਾ ਅਹਿਸਾਸ
ਇਥੇ
ਕੋਈ ਵੀ ਸ਼ੇਅ
ਪੂਰੀ ਜ਼ਿੰਦਗੀ
ਨਹੀਂ ਪਾ ਸਕਦੀ
ਭਲਾ
ਮੈਂ ਕਿਵੇਂ ਮਾਣਦੀ
ਭਰਪੂਰ ਜ਼ਿੰਦਗੀ।

• •

# ਮੈਂ ਵਿਚ ਤੂੰ

ਕਿਉਂ
ਭਾਲਦਾ ਏਂ
ਦਿਨ 'ਚ ਤਾਰਿਆਂ ਨੂੰ
ਤੇ
ਰਾਤ ਨੂੰ ਸੂਰਜ
ਦਿਨ ਤੇ ਰਾਤ
ਸੱਚ ਮੁਚ
ਗਰਦਿਸ਼ ਨੇ ਸਤਾਰਿਆਂ ਦੀ
ਇੰਝ
ਮੇਰਾ ਅਕਾਰ
ਮੇਰਾ ਵਜੂਦ
ਛਲਾਵਾ ਏ
ਹੋਂਦ ਦਾ।
ਇੰਝ
ਨਾ ਵਧਿਆ ਕਰ
ਅਗਾਂਹ ਹੀ ਅਗਾਂਹ
ਕਦੀ ਅੰਦਰ ਵੀ ਝਾਕ
ਆਪਣੀ ਆਤਮਾ ਅੰਦਰ
ਮੈਂ ਤੇਰੇ ਨਾਲ ਹਾਂ
ਸਦਾ
ਕਿੰਝ ਰਹਿ ਸਕਾਂ ਗੀ
ਤੇਰੇ ਬਿਨ
ਮਿੱਟੀ ਹੋ ਕੇ ਵੀ।

• •

## ਗੁਆਚਿਆ ਜੇਹਾ ਕੁਝ

ਮੇਰੇ ਅੰਦਰ ਗਹਿਰਾਈ ਏ
ਬਹੁਤ ਗਹਿਰੀ
ਸਮੁੰਦਰ ਵਰਗੀ
ਕੀ ਭਾਲਦਾ ਪਿਆ ਏਂ
ਤੁੱਛ ਜਿਹਾ
ਇਸ ਗੇੜ ਤੋਂ
ਬਾਹਰ ਆ
ਗੁਆਚ ਜਾਵੇਂ ਗਾ।
ਮੇਰੇ ਬਾਹਰ ਵੀ
ਵਿਸ਼ਾਲ ਖ਼ਲਾਅ ਏ
ਨਹੀਂ ਅੱਪੜ ਸਕਦੀ
ਇਥੇ ਵੀ
ਤੇਰੀਆਂ ਅੱਖਾਂ ਦੀ ਲੋਅ
ਆਪਣੀ ਗੁਆਚੀ ਸ਼ੈ
ਗੁਆਚੀ ਹੀ ਰਹਿਣ ਦੇ
ਗੁਆਚਣਾ
ਬਹੁਤ ਬੁਰਾ ਏ
ਭਾਵੇਂ ਕੋਈ ਸ਼ੈਅ ਹੋਵੇ
ਜਾਂ
ਆਪਣਾ ਆਪਾ
ਨਾ ਝਾਕ
ਮੇਰੀ ਗਹਿਰਾਈ ਨੂੰ
ਨਾ ਹੀ ਵੇਖ
ਮੇਰੀ ਵਿਸ਼ਾਲਤਾ।

• •

## ਭਾਲ

ਤੇਰੀ ਚੁੱਪੀ
ਆ ਘੇਰਦੀ ਏ
ਮੈਨੂੰ
ਸੁਪਨੀ ਸੰਸਾਰ ਅੰਦਰ
ਮੈਂ
ਕੰਬ ਉਠਦਾ ਹਾਂ
ਏਸ
ਠੰਡੀ ਝੀਲ 'ਚੋਂ
ਕਈ ਆਕਾਰ
ਉਮੜ ਪੈਂਦੇ ਨੇ
ਤੇਰੇ ਨਗਨ ਸ਼ੀਸ਼ ਮਹਿਲ ਦੇ
ਮੈਂ ਹੋਰ ਗੁਆਚ ਜਾਂਦਾ
ਅੱਗ ਨੂੰ ਚੁੰਮਦਾ ਹੋਇਆ
ਅਰਾਧਨਾ ਅੰਦਰ
ਚੇਤਿਆਂ ਦੀ
ਮੁਹਾਂਠ ਤੇ
ਨਗਨ ਆਕਾਰ ਨੂੰ
ਦੀਵੇ ਦੀ ਬੱਤੀ 'ਚੋਂ ਭਾਲਦਾਂ।

• •

## ਰਾਗ

ਤੇਰੀ ਛੇੜੀ ਹੋਈ ਤਾਨ
ਬੰਨ੍ਹ ਦੇਂਦੀ ਏ ਰਾਗ
ਗੁਆਚ ਜਾਂਦਾ ਹਾਂ
ਇਸ ਤਿਲੱਸਮੀ ਅਲਾਪ ਅੰਦਰ
ਮੈਨੂੰ ਲਗਦੈ
ਇਹ ਤਾਨ
ਰਾਗ
ਮੇਰੀਆਂ ਹੱਡੀਆਂ 'ਚ
ਚਰੋਕਾ ਰੱਚ ਮਿਚ ਗਿਆ ਏ
ਤੇਰੇ
ਇਸ ਬੁਣੇ ਹੋਏ ਤਾਣੇ 'ਚ
ਅੰਦਰੋਂ ਅੰਦਰ ਹੀ
ਗੁਆਚ ਜਾਂਦਾ ਹਾਂ
ਮੇਰੀ ਰੂਹ
ਮੇਰੇ ਵਸ 'ਚ ਨਹੀਂ ਰਹਿੰਦੀ
ਜੋ ਕੁਝ ਰਹਿੰਦਾ ਏ
ਕੇਵਲ
ਸੁਣਿਆ ਸੁਣਾਇਆ
ਤੇਰਾ ਰਾਗ।

• •

## ਰੂਹ

ਤੇਰੇ ਸਾਹਵੇਂ ਬੈਠ
"ਮੈਨੂੰ ਤੇਰੇ ਜੇਹਾ
ਸੋਹਾਣਾ
ਹੋਰ ਨਹੀਂ ਦਿਸਦਾ"
ਬਸ
ਕੇਵਲ
ਬੈਠ ਜਾਵਾਂ ਤੇਰੇ ਸੰਗ
ਰੂਹ ਰੱਜਦੀ ਨਹੀਂ
...
ਕਦੀ ਕਦੀ
ਭਾਲਦਾ ਹਾਂ
ਤੇਰੇ ਅੰਦਰ
ਉਸ ਰੂਹ ਨੂੰ
ਨਦੀ ਰੂਪੀ
ਤੇਰੀ ਦੇਹ
ਹੋਰ ਡੂੰਘੇਰੀ
ਹੁੰਦੀ ਜਾਂਦੀ ਏ
ਮੈਂ
ਭਾਲਦਾ ਫ਼ਿਰਦਾ
ਕੰਢੇ-ਕੰਢੇ
ਤੂੰ
ਰੂਹ ਨੂੰ ਰਖਦੀ
ਅੰਦਰ ਹੀ ਅੰਦਰ
ਲੁਕੋ-ਲੁਕੋ ਕੇ

• •

## ਯਾਦ

ਕਿਉਂ... ?
ਲੰਘ ਜਾਂਦੈ
ਰਾਹ ਵਲ-ਵਲਾ ਕੇ
ਐਪਰ
ਮੇਰੀ ਦੂਰ ਬੀਨੀ
ਦੇਖ ਹੀ ਲੈਂਦੀ ਏ
ਤੇਰੀ ਤੋਰ
ਤੇ
ਤੇਰੇ ਅੰਦਰ ਨੂੰ ਵੀ।
ਮੈਂ
ਭਰੀ ਪੀਤੀ
ਤੱਕਦੀ ਰਹਿੰਦੀ ਹਾਂ
ਮਨ ਹੀ ਮਨ ਚਿਤਵਦੀ ਹੋਈ
ਤੂੰ
ਮੈਨੂੰ ਗੋਦ ਆਪਣੀ ਵਿਚ
ਸਮਾ ਲੈਂਦੇਂ
ਠਾਠਾਂ ਮਾਰਦਾ ਹੋਇਆ
ਮੇਰੇ ਅੰਦਰ ਦਾ ਸਮੁੰਦਰ
ਤੇ
ਇਹ ਵੀ ਚਿਤਵਦੀ
ਮੈਨੂੰ ਵਰਨੁਮਾ ਕੇ
ਆਪਣੀ ਖੇਤੀ ਨੂੰ
ਲਹਿਰਾਉਂਦੀ ਹੋਈ।

• •

## ਸੰਵਾਦ - 1

ਸਮੇਂ ਦੇ ਬਦਲਦੇ ਸਾਰ
ਅਸੀਂ
ਗੁਆ ਲੈਂਦੇ ਹਾਂ
ਆਪਣਾ ਆਪਾ
ਬੇਨਾਮ
ਬੇਲਾਗ ਜਿਹਾ
ਤੇ
ਜਾ ਮਿਲਦੇ ਹਾਂ
ਗਹਿਰੀਆਂ ਖਾਈਆਂ 'ਚ
ਭਾਲਣ ਨੂੰ
ਆਪਣਾ ਵਜੂਦ!
ਉਹ ਸਦਾ
ਸਾਡੇ ਮੂਹਰੇ ਹੋ ਕੇ ਵੀ
ਇਕ ਚੁੱਪ ਬਣ ਜਾਂਦਾ,
ਪਰ ਰਚਾਉਣ ਵਾਲੇ
ਰਚਾ ਹੀ ਲੈਂਦੇ
ਸੰਵਾਦ
ਚੁੱਪ ਨਾਲ ਚੁਪ ਦਾ!
ਉਹ ਤਾਂ ਸਾਡੇ
ਤੇ
ਸਾਡੇ ਵਜੂਦ ਵਿਚਾਲੇ
ਉਡੀਕਦੇ ਨੇ
ਸਾਡੇ ਸਾਹਵੇਂ
ਬਹੁਤ ਕੁਝ ਏ
ਸੰਵਾਦ ਤੋਂ ਵੀ ਵਧ
ਹਾਸਲ ਕਰਨ ਨੂੰ!
ਸਮੇਂ ਤੋਂ ਗੁਆਚੀ
ਕਿਸੇ ਅਪ੍ਰਾਪਤੀ ਨੂੰ!

• •

## ਸੰਵਾਦ - 2

ਸੰਵਾਦ ਰਚਿਆ
ਜਾਂ
ਰਚਾਇਆ ਏ
ਅੱਗ ਨਾਲ
ਅੱਗ
ਭੁੱਖ ਨੰਗ
ਤ੍ਰੇਹ ਵੀ ਭੁਲ ਚੁਕੀ ਏ
ਸੰਵਾਦ
ਚਲ ਰਿਹਾ ਏ
ਅੱਗ ਦਾ ਨੰਗ ਨਾਲ
ਭੈਅ, ਲਜਿਆ, ਹਯਾ ਤੇ ਸ਼ਰਮ
ਅੱਗ ਤੇ ਨੰਗ ਕੀ ਜਾਣਨ
ਸੰਵਾਦ
ਰਚ ਮਿਚ ਗਿਐ
ਅੱਗ ਦੇ ਅੰਗਾਰਾਂ ਸੰਗ
ਸੰਵਾਦ
ਸ਼ਬਦਾਂ ਅੰਦਰ ਗੁਆਚਾ ਏਂ।
ਕੇਵਲ ਸ਼ਬਦ ਰਚਨਾ
ਨਿਸਲ ਪਈ ਏ।
ਅੱਗ ਤੇ ਨੰਗ ਮੂਹਰੇ
ਉਗਲ ਰਹੀ ਏ
ਸੰਵਾਦ ਰਾਹੀਂ
ਅੱਗ ਨੰਗ ਦਰਮਿਆਨ
ਲੁਕਾ ਲੁਕੀ ਦੀ ਖੇਡ
ਥਮ ਗਿਆ ਏ
ਅੱਗਨ ਨੂੰ ਮਠੀ ਕਰਨ ਲਈ
ਸੰਵਾਦ
ਕੇਵਲ ਸ਼ਬਦ ਚਿਤਰਾਂ ਅੰਦਰ
ਚੁੱਪ ਹੋ ਗਏ ਨੇ।

• •

# ਗੁਲਾਬ

ਜਦੋਂ ਵੀ ਘੱਲਦਾ ਹਾਂ ਤੈਨੂੰ
ਸਫ਼ੇਦ ਗੁਲਾਬ
ਉਹ ਨਿਮਾਣਾ ਜੇਹਾ
ਪਿਆ ਰਹਿੰਦਾ
ਤੇਰੀ ਚੌਖਠ ਦੀ ਨਕੁਰ ਤੇ।
ਇੰਝ ਹੀ ਮੇਰੇ ਪਾਸ ਮੌਜੂਦ ਨੇ
ਕਈ ਪੱਤੀਆਂ
ਸਫ਼ੇਦ ਗੁਲਾਬ ਦੀਆਂ
ਮੇਰੀਆਂ ਪਾਠ ਪੁਸਤਕਾਂ ਅੰਦਰ।
ਗੁਲਾਬ
ਗੁਲਾਬ ਏ
ਉਹਨੂੰ ਰੰਗਾਂ ਤੇ ਸ਼ਬਦਾਂ ਦਾ
ਗਿਆਨ ਨਹੀਂ ਹੁੰਦਾ
ਰੰਗਾਂ ਦੇ ਅਰਥ
ਸਾਡੇ ਮਿੱਥੇ ਹੋਏ ਨੇ
ਸੱਚ ਜਾਣੀਂ
ਜਦੋਂ ਵੀ ਤੈਨੂੰ ਘੱਲਦਾ ਰਿਹਾ ਸੀ
ਲਾਲ ਗੁਲਾਬ ਰਾਖਵਾਂ ਰੱਖ ਲੈਂਦਾ
ਆਪਣੇ ਪਾਸ ਹੀ
ਸਫ਼ੇਦ ਗੁਲਾਬ
ਸਫ਼ੇਦ ਗੁਲਾਬ ਤੋਂ
ਲਾਲ ਰੰਗ ਦੇ ਗੁਲਾਬ ਦਾ ਸਫ਼ਰ
ਤੈਅ ਕਰਦਾ ਹੋਇਆ
ਤੂੰ ਤੇ ਆਪ ਵੀ
ਲਾਲ ਗੁਲਾਬ ਏਂ
ਮੇਰੇ ਅਰਥ…
ਮੇਰੀਆਂ ਅੱਖੀਆਂ ਅੰਦਰ ਲੁਕੇ ਪਏ ਨੇ
ਕਦੀ ਪੜ੍ਹ ਲਵੀਂ
ਇਨ੍ਹਾਂ ਲੁਕੇ ਅਰਥਾਂ ਨੂੰ।

• •

## ਬੂੰਦਾਂ

ਬੂੰਦ-ਬੂੰਦ
ਨੂੰ
ਮਹਿਸੂਸਦਾ ਹਾਂ
ਤਲੀਆਂ ਤੇ,
ਤੇ
ਭੁੱਲ ਜਾਂਦਾ ਹਾਂ
ਤਲੀਆਂ ਦੀਆਂ ਲਕੀਰਾਂ
ਨਾ ਮਿਟਦੀਆਂ ਨੇ
ਨਾ ਹੀ ਬਦਲਦੀਆਂ
ਬੂੰਦਾਂ
ਵਕਤ ਦੇ ਨਾਲ ਨਾਲ
ਧੋ ਜਾਂਦੀਆਂ ਨੇ ਤਲੀਆਂ
ਐਪਰ
ਤਲੀਆਂ ਦੀਆਂ ਲਕੀਰਾਂ
ਹੋਰ ਉਮੜ ਆਉਂਦੀਆਂ ਨੇ
ਨਿਖਰ-ਨਿਖਰ
ਦਸਦੀਆਂ ਦਾਸਤਾਨਾਂ
ਭਲਾ
ਇਨ੍ਹਾਂ ਨੂੰ ਮੈਂ ਕੀ ਜਾਣਾ
ਸਦਾ
ਇੰਨ੍ਹਾ ਗੇੜਾਂ ਦੀ
ਚਾਟੀ 'ਚ ਘੁਮਿਆ ਰਹਿੰਦਾਂ।

• •

## ਇਤਿਹਾਸ - 1

ਇਤਿਹਾਸ ਦੁਹਰਾਉਂਦੇ
ਸੁਣਿਆ ਤੇ ਪੜ੍ਹਿਆ ਵੀ
ਕਈ
ਇਤਿਹਾਸਕ ਦੁਖਾਂਤ
ਛੇੜ ਵੀ ਦੇਂਦੇ ਕਾਂਬਾ
ਭੋਗੇ ਹੋਏ ਸੰਤਾਪ ਨੂੰ
ਕਿਵੇਂ ਭੁੱਲ ਜਾਵਾਂ
ਜਿਹੜਾ
ਦੁਖਾਂਤ ਅੰਦਰ
ਧਰੂਹ ਲੈ ਗਿਆ
ਆਪਣੇ ਕਲਾਵੇ ਅੰਦਰ
ਮਧਾਣੀ ਬਣ-ਬਣ
ਇਹ ਇਤਿਹਾਸ
ਨਕਾਬ ਪਹਿਨ ਕੇ
ਦੁੱਖ ਦੇ ਰਿਹਾ ਏ
ਇਤਿਹਾਸ ਦੇ ਪੰਨਿਆਂ ਅੰਦਰ
ਕਾਲੇ ਅਖਸ਼ਰਾਂ 'ਚ
ਸਮੇਟਦਾ ਹੋਇਆ
ਗ੍ਰੰਥਾਂ ਦਾ ਘੇਰਾ ਵਧਾਂਦਾ
ਇਤਿਹਾਸ
ਕੇਵਲ ਦੁਖਾਂਤ 'ਚ
ਘਿਰਿਆ ਰਹਿੰਦਾ ਏ
ਇਤਿਹਾਸ
ਇਤਿਹਾਸ ਏ।

• •

## ਇਤਿਹਾਸ - 2

ਇਤਿਹਾਸ ਦੇ
ਪੰਨੇ ਫ਼ਰੋਲਨ ਤੇ
ਇਕ ਅਜੀਬੋ ਗਰੀਬ
ਜਸ਼ਨ ਵਾਪਰਦਾ ਹੋਇਆ ਲਗਦੈ
ਮੈਂ
ਇਸ ਜਸ਼ਨ 'ਚ ਮੰਤਰ-ਮੁਗਧ
ਅਲੋਪ ਹੋਇਆ ਮਹਿਸੂਸਦਾ ਹਾਂ
ਕਦੀ ਲਗਦੈ
ਮੈਂ
ਸੱਚ ਮੁੱਚ ਹੀ
ਤੈਥੋਂ
ਵਿਛੜੀ ਕੋਈ ਸ਼ੈਅ ਹਾਂ
ਡਰ ਜਾਂਦਾ
ਇਨ੍ਹਾਂ ਜਸ਼ਨਾਂ ਤੋਂ
ਤੇ
ਆਪ ਮੁਹਾਰੇ ਬੰਦ ਕਰ ਦੇਂਦਾ ਹਾਂ
ਫ਼ਰੋਲਨੇ
ਇਤਿਹਾਸ ਦੇ ਪੰਨੇ।

• •

## ਹਥਿਆਰ

ਮੈਂ ਜਾਣਦਾਂ
ਤੁਸੀਂ ਸੋਚੀਂ ਪਏ ਹੋ!
ਇਹ ਵੀ ਜਾਣਦਾਂ
ਤੁਹਾਡੇ ਪੁਰਖੇਆਂ ਹੱਥੋਂ
ਫ਼ਰੰਗੀਆਂ ਨੇ ਹੀ
ਹਥਿਆਰ ਖੋਹ ਲਏ ਸੀ।
ਮੈਨੂੰ ਚੇਤੇ ਨੇ
ਅੱਜੇ ਵੀ
ਉਹ ਤੇਗਾਂ
ਸ਼ੂਕ ਰਹੀਆਂ ਨੇ ਹਵਾ 'ਚ
ਆਪਣੀ ਛਾਪ ਨੂੰ
ਕਾਇਮ ਦਾਇਮ ਰਖਿਆ ਏ।
ਅੱਜ ਉਹ ਹਥਿਆਰ
ਨਵਾਂ ਰੂਪ
ਨਵਾਂ ਆਕਾਰ
ਲੈ ਆਏ ਨੇ,
ਨੰਗਾ ਨਾਚ
ਅੱਗਨ ਬਣ-ਬਣ।
ਤੁਹਾਡੇ ਪਾਸ ਤੇਗਾਂ
ਜੰਗ ਖਾਧੀਆਂ ਪਈਆਂ ਨੇ
ਐਪਰ ਮਜ਼ਬੂਤ ਪਕੜ
ਤੇ
ਜੁੱਸਾ
ਅਜੇ ਵੀ ਬਰਕਰਾਰ ਏ
ਕਰ ਲੋ ਦੋ ਹੱਥ
ਅੱਗਨ ਦੇ
ਨਗਨ ਅੰਦਰ!!!

• •

## ਗੂੰਜ

ਗੂੰਜ
ਕਦੇ ਨਾ ਕਦੇ
ਜਾਗ ਜਾਂਦੀ ਏ
ਕਿਸੇ ਦਿਸ਼ਾ ਵੱਲੋਂ
ਤੇ
ਫ਼ਟਣ ਲਗਦੇ ਨੇ
ਕੰਨ।
ਗੂੰਜ
ਆਉਣ ਲਗਦੀ ਏ
ਨਵੀਂ ਕਥਾ ਦੇ ਸਨਮੁੱਖ
ਲੈ ਕੇ ਨਵਾਂ ਸੰਤਾਪ।
ਹੋਂਦ
ਦੇ ਸਨਮੁਖ
ਸੰਤਾਪ ਨੂੰ
ਭੋਗਦਾ ਹਾਂ
ਸਮੇਂ ਦੇ
ਅੰਤਰਾਲ ਤੇ।

• •

# ਪੁਤਲੇ

ਪੁਤਲੇ
ਨਿਤ ਦਿਨ
ਸਾੜੇ ਜਾਂਦੇ ਨੇ
ਚੌਰਾਹਿਆਂ ਤੇ
ਪੁਤਲਿਆਂ ਦੀ ਸੜਾਂਦ
ਕਾਲਾ ਧੂੰਆਂ
ਕੁਝ ਪਲਾਂ ਅੰਦਰ
ਉਡ ਪੁਡ ਜਾਂਦਾ
'ਤੇ
ਪੁਤਲੇ ਢਹਿ ਢੇਰੀ
ਬਿਖਰ ਜਾਂਦੇ
ਜਾਂ ਮਿਧੇ ਜਾਂਦੇ ਨੇ
ਗੱਡੀਆਂ ਦੇ ਪਹੀਆਂ ਹੇਠ
ਪੁਤਲੇ ਸਾੜਨ ਵਾਲੇ
ਚੁਗ ਲੈਂਦੇ ਨੇ ਚੋਗ
ਸੀਤ ਹੋ ਜਾਂਦੇ
ਪੰਜ ਤਾਰਾ ਹੋਟਲਾਂ
ਦੇ ਠੰਡੇ ਠਾਰ ਕਮਰਿਆਂ ਅੰਦਰ
ਡੀਕਦੇ ਹੋਏ ਜਲ
ਬਕਰੇ ਚਾਪਦੇ ਪਏ
ਨਸ਼ਈ ਬਣ-ਬਣ
ਉਗਲ ਲੈਂਦੇ
ਪੁਤਲੇ ਬਣਾਣ ਤੋਂ
ਸਾੜਨ ਦੀ ਗਾਥਾ
ਸਮੇਂ ਦੀ ਗੱਡੀ
ਰਿੜ ਪੈਂਦੀ
ਪੁਤਲੇ ਤੇ ਚੌਰਾਹਿਆਂ ਨੂੰ ਭਾਂਪਦੇ ਹੋਏ।

• •

## ਉਸਾਰੀ

ਟੁੱਟ ਰਹੇ ਨੇ ਪੁਲ
ਢਹਿ ਰਹੀਆਂ ਨੇ ਇਮਾਰਤਾਂ
ਪੈ ਰਹੇ ਨੇ ਖੱਡੇ
ਹਾਦਸੇ ਵਾਪਰਦੇ ਨੇ
ਸਮੇਂ ਦੇ ਦਸਤਾਵੇਜ਼
ਬਣ ਜਾਂਦੇ ਨੇ
ਸੁਰਖੀਆਂ
ਲਫ਼ਜ਼ਾਂ ਦੀ ਘੁਮਣਘੇਰੀ ਅੰਦਰ
ਹੌਲੀ ਹੌਲੀ
ਅਲੋਪ ਹੋ ਜਾਂਦੇ ਨੇ
ਮਰਹਮ ਭੁਲਾ ਦੇਂਦਾ ਏ
ਵਾਪਰੇ
ਸੀਤ ਹੋ ਜਾਂਦੇ
ਮੁੜ
ਖੜ੍ਹੋ ਜਾਂਦੀਆਂ ਇਮਾਰਤਾਂ
ਤੇ
ਬਣ ਜਾਂਦੇ ਨੇ
ਪੁਲ ਵੀ
ਨਵੀਂ ਉਸਾਰੀ ਅੰਦਰ।

• •

# ਗੁਨਾਹ

ਗੁਨਾਹ
ਆ ਘੇਰਦਾ ਏ
ਨਵੇਂ ਨਵੇਂ
ਰਾਹ ਉਲੀਕਦਾ ਹੋਇਆ
ਕਦੀ
ਭੂਤ ਕਾਲ ਅੰਦਰ
ਕਦੀ ਭਵਿੱਖ ਬਣ ਕੇ
ਤੇ
ਜਰਦਾ ਹੈ ਵਰਤਮਾਨ
ਗੁਨਾਹ
ਡੱਟੇ ਰਹਿੰਦੇ ਨੇ
ਆਪਣੀ ਆਪਣੀ
ਪ੍ਰੀਭਾਸ਼ਾਵਾਂ ਅੰਦਰ
ਪਿਤਰਾਂ ਤੋਂ ਹੁੰਦਾ ਹੋਇਆ
ਸਾਡੇ ਸਨਮੁੱਖ
ਆ ਖਲੋਂਦਾ ਏ
"ਭੋਗ ਲੈ
ਮੈਂ ਗੁਨਾਹ ਹਾਂ"
ਸਵਾਰ ਹਾਂ
ਸਹਾਰ ਲੈ ਕਸ਼ਟ
ਗੁਨਾਹ
ਭੋਗਣਾ
ਜਿਹੜਾ ਸੁਤੇ ਸਿਧ
ਆ ਘੇਰਦਾ ਏ
ਅਲਾਪਦਾ ਹੋਇਆ
ਤੇ
ਜਰਨਾ ਪੈਂਦੈ ਗੁਨਾਹ।

• •

## ਮਤ ਭੇਦ

ਅਸੀਂ
ਕਦੀ ਕਦੀ
ਭਿਜ ਹੀ ਜਾਂਦੇ ਹਾਂ
ਮੋਹ ਅੰਦਰ
ਬਹੁਤਾ
ਸ੍ਵੈ ਮੋਹ ਘੇਰ ਲੈਂਦਾ ਏ
ਸਵਾਰਥੀ ਲੋਭ ਅੰਦਰ
ਅੰਦਰੋਂ ਅੰਦਰ ਹੀ
ਗੁਸੇ ਜਾਂਦੇ ਹਾਂ
ਪਲ ਭਰ ਲਈ
ਇਹ ਵੀ ਭੁੱਲ ਜਾਂਦੇ ਹਾਂ
ਈਰਖਾ
ਮਤ ਭੇਦ।
ਮਤ ਭੇਦ ਦੀ ਜਕੜ
ਕਿੰਨੀ ਮਜ਼ਬੂਤ ਏ
ਸ੍ਵੈ-ਮੋਹ
ਕਸ਼ਿਸ਼ ਅੰਦਰ
ਕਸ ਲੈਂਦਾ ਏ
ਤੇ ਕਰ ਲੈਂਦੇ ਹਾਂ
ਭਰੋਸਾ
ਭੇਤਾਂ ਨੂੰ ਮਿਟਾਉਂਦੇ ਹੋਏ।

• •

## ਪਿੱਛਲਝਾਤੀ

ਜਦੋਂ ਕਦੀ
ਪਿੱਛਲ ਝਾਤੀ ਮਾਰਦਾਂ
ਹਨ੍ਹੇਰਾ
ਚੌਪਾਸੀਂ
ਪਸਰਿਆ
ਅਨੁਭਵ ਹੁੰਦਾ ਏ।
ਇਹ
ਪਿੱਛਲ ਝਾਤੀ ਵੀ
ਅਜੀਬ ਸ਼ੈਅ ਏ
ਨਾ ਮਿਟਦੀ ਏ
ਨਾ ਹੀ ਰੁਕਦੀ ਏ
ਕੇਵਲ
ਆ ਖਲੋਂਦੀ ਏ
ਸਿੱਧੀ ਸਪਾਟ
ਰੱਬ ਜਾਣੇ
ਰੋਕਦੀ ਏ
ਜਾਂ
ਦੇਂਦੀ ਹਲੂਣਾ
ਅਗਾਂਹ ਵੱਲ ਧਕਣ ਨੂੰ।
ਪਿੱਛਲ ਝਾਤੀ
ਸਿਮਰਿਤੀਆਂ ਬਣ ਬਣ
ਬੇਪ੍ਰਵਾਹ
ਅਹਿਸਾਸ ਕਰਾਂਦੀ ਏ
ਸਦਾ
ਮੋਹ ਅੰਦਰ ਹੀ!

• •

## ਜਸ਼ਨ

ਹਰ ਇਕ ਚਮਕ ਧਮਕ
ਮੈਨੂੰ ਪਰੰਪਰਾਗਤ
ਜਸ਼ਨ ਜਾਪਦੀ ਏ!
ਅਜੇਹਾ
ਮੇਰੇ ਨਾਲ
ਕਿਉਂ ਹੁੰਦਾ ਏ?
'ਤੇ
ਮੈਂ ਗੁਆਚ ਜਾਂਦਾ
ਸਿਮਰਤੀਆਂ ਅੰਦਰ
ਕਰਦਾ ਹੋਇਆ
ਤੁਲਨਾ
ਇਹ ਤੁਲਨਾ ਵੀ
ਕਿੰਨੀ ਅਜੀਬ ਸ਼ੈਅ ਏ
ਗੁਆਚੀ ਰਹਿੰਦੀ ਹੋਈ
ਮਿਥਦੀ ਰਹਿੰਦੀ ਹੋਈ
ਸੁਪਨਮਈ ਸੰਸਾਰ
ਇਨ੍ਹਾਂ ਜਸ਼ਨਾਂ 'ਚ
ਮੈਂ
ਕਿੰਨਾ ਪਿੱਛੇ ਘਤਿਆ ਜਾਂਦਾ
ਇਹ ਜਸ਼ਨ ਤੇ ਅਤੀਤ
ਨਹੀਂ ਦੇ ਸਕਦੇ ਨੇ
ਖ਼ੁਸ਼ੀ
ਗੁਆਚੀ ਤੇ ਪਰੋਸੀ ਹੋਈ।

• •

## ਨਿਹੱਥਾ

ਹਨੇਰੇ ਵਾਂਗ
ਮੈਂ ਵੀ
ਨਿਹੱਥਾ ਕਿਉਂ ਹਾਂ ?
ਇਹ ਪ੍ਰਸ਼ਨ
ਕਦੀ-ਕਦੀ
ਗੂੰਜਦਾ ਏ
ਮੇਰੀਆਂ ਸਿਮਰਤੀਆਂ ਤੋਂ
ਨਿਹੱਥਾ ਕਦੀ ਤਲਾਸ਼ਦਾ ਏ
ਪਕੜਨ ਨੂੰ
ਅਜੇਹੀ ਪਕੜ
ਜਿਸ ਨੂੰ ਚਿਤਵ ਕੇ
ਮੇਰੀ ਰੂਹ ਕੰਬ ਜਾਂਦੀ ਏ,
ਮੈਂ
ਅਜੇਹਾ ਕਿਉਂ ਸੋਚ ਰਿਹਾਂ !
ਨਿਹੱਥਾ
ਹਵਾ ਵਿਚ ਵੀ ਕੁਝ ਉਲੀਕ ਸਕਦਾ ਏ
ਇਬਾਰਤ
ਪਵਨ ਦੀ ਕਲਮ
ਖਲ੍ਹਾ ਦੀ ਸਲੇਟ
ਸਮੇਂ ਨੂੰ
ਪ੍ਰਤੀਕ ਬਣਾ ਕੇ
ਨਿਹੱਥਾ
ਕਦੀ
ਕੋਈ ਵੀ ਨਹੀਂ ਹੁੰਦਾ
ਨਾ ਮੈਂ
ਨਾ ਹੀ ਤੁਸੀਂ ਹੋ
ਨਿਹੱਥੇ !

• •

## ਕੈਦ

ਮੈਂ
ਪਿੰਜਰੇ 'ਚ ਬੈਠਾ-ਬੈਠਾ
ਕੈਦ ਹੰਢਾ ਰਿਹਾਂ,
ਨਾ ਹੀ
ਅਜੇ ਸ਼ਜਾ ਮੁੱਕੀ ਏ,
ਤੇ ਨਾ ਹੀ ਕਿਸੇ ਰਹਿਮ ਕੀਤਾ।
ਉਂਝ
ਅਪੀਲ ਵੀ ਕੇਵਲ
ਇਕ ਸ਼ਬਦ
ਬਣ ਬੈਠੀ ਏ
ਮੇਰੇ ਲਈ।
ਕੈਦ ਵੀ ਤਾਂ ਸ਼ਬਦ ਏ
ਕੰਬ ਜਾਣ ਵਾਲੇ ਅਰਥਾਂ ਦੀ।
ਪਿੰਜਰਾ
ਭਾਵੇਂ ਕਈ ਸ਼ਬਦ
ਰੂਪਾਂ ਵਿਚ ਉਲਝਿਆ ਪਿਆ ਏ
ਆਪੋ ਆਪਣੇ ਅਰਥਾਂ ਅੰਦਰ,
ਐਪਰ
ਪਿੰਜਰਾ ਵੀ
ਕੰਬ ਜਾਣ ਵਾਲੇ ਅਰਥਾਂ ਦਾ
ਪ੍ਰਤੀਕ ਏ।
ਕੈਦ ਹਢਾਂਦਾ ਹੋਇਆ
ਨਿਤ ਇਨ੍ਹਾਂ
ਸ਼ਬਦ ਅਰਥਾਂ ਅੰਦਰ
ਬਤੀਤ ਕਰ ਰਿਹਾਂ
ਕੈਦ!!!

• •

## ਸ਼ਰੀਕਾ

ਉਹ ਦੀ ਵਿਛਾਈ ਤਲੈੜ ਤੇ
ਮੈਂ ਤਿਲ੍ਹਕਦਾ ਤਿਲ੍ਹਕਦਾ ਬਚ ਗਿਆ
ਢਹਿੰਦਾ-ਢਹਿੰਦਾ ਸੰਭਲਿਆ
ਅਜੇਹੀ ਤਿਲ੍ਹਕਣ ਤੋਂ
ਲਾਪਰਵਾਹ ਕਿਵੇਂ ਹੋ ਗਿਆ!
ਇਹ ਕਜੇਹਾ ਸ਼ਰੀਕਾ ਚਾਰਾ
ਉਹ ਨਿਭਾ ਰਿਹਾ ਸੀ?
ਕਜੇਹਾ ਘੁਣ ਖਾਧਾ ਸ਼ਰੀਕਾ
ਅੰਦਰੋਂ ਅੰਦਰੀ ਖੋਖਲਾ ਹੋਇਆ
ਜਿਵੇਂ
ਨਰਕ 'ਚ ਪਿਸ ਰਿਹਾ,
ਤੇ
ਆਨੇ ਬਹਾਨੇ
ਝਪਟਾ ਮਾਰਦਾ ਹੋਇਆ
ਖੁੰਡੇ ਪਏ ਹਥਿਆਰਾਂ ਨੂੰ
ਵਰਤ ਰਿਹਾ ਏ!
ਐਪਰ
ਮੈਂ ਸਦਾ ਵਾਲ-ਵਾਲ ਬਚ ਜਾਂਦਾ।
ਉਹਦੇ ਘੇਰੇ ਤੋਂ ਬਾਹਰ ਨਿਕਲ ਆਂਉਦਾ
ਅਮੋੜਦਾ ਹੋਇਆ
ਉਹਦੀ ਜ਼ਿਦ ਨੂੰ
ਭਾਲਦਾ ਹੋਇਆ।

• •

## ਡਰ

ਕਲ
ਰਾਤ ਦੇ ਵਾਪਰੇ ਦਾ
ਕਜੇਹਾ ਡਰ ਸੀ
ਨਾ ਤੂੰ
ਅਤੇ
ਨਾ ਮੈਂ
ਬੂੰਦ ਬਣ ਡਿਗੇ ਧਰਤੀ ਤੇ
ਕੇਵਲ
ਨਿਹਾਰਦੇ ਰਹੇ
ਇਕ ਦੂਜੇ ਨੂੰ
ਜਿਵੇਂ ਬਿੰਦੂ ਨਿਹਾਰਦੇ ਨੇ
ਆਪਣੇ ਵਜੂਦ ਨੂੰ
ਇਹ ਕਜੇਹਾ
ਦਰਦ
ਪੀੜਾ
ਜਿਸ ਨੂੰ
ਅਨੁਭਵ ਕੀਤਾ ਸੀ
ਮੇਰੇ ਪਿੰਡੇ ਨੇ
ਅਜੇਹਾ
ਕਿਉਂ ਹੁੰਦਾ ਏ
ਮੇਰੇ ਨਾਲ !!!

• •

# ਮਹਾਨ

ਨਿਮਾਣਾ
ਬਹੁਤਾ ਨਿਮਾਣਾ
ਕਹਿੰਦਾ
ਉਹ
ਆਪਣੇ ਆਪ ਨੂੰ
ਕਦੀ ਨਜ਼ਰਾਂ ਨਹੀਂ ਚੁਕਦਾ
ਆਪਣੇ ਬੋਲ
ਤੋਲਦਾ ਰਹਿੰਦਾ ਏ
ਝਾਕਦਾ ਏ
ਸਾਹਮਣੇ ਵਾਲੇ ਦੀਆਂ ਅੱਖਾਂ ਅੰਦਰ
ਵਾਚਦਾ ਹੋਇਆ
ਉਹਦਾ ਅਸਤਿਤਵ
ਤੇ ਝੱਟ ਨਿਕਲ ਆਉਂਦਾ
ਆਪਣੇ ਮੁਖੌਟਿਆਂ 'ਚੋਂ
ਹੌਲੀ-ਹੌਲੀ
ਆਪਣੀ ਵਾਰਤਾਲਾਪ
ਵਧਾਉਂਦਾ ਹੋਇਆ
ਆਪਣੇ ਆਪ ਨੂੰ
ਦੇਵਪੁਰਸ਼ ਗਰਦਾਨਦਾ ਏ
ਆਪਣੇ ਕਾਰਜ ਦੀਆਂ ਡੀਂਗਾ ਮਾਰਦਾ ਹੋਇਆ
ਅਸਲੀਅਤ ਤੋਂ ਦੂਰ
ਬਹੁਤ ਦੂਰ
ਵਰਚਾਂਦਾ ਏ
ਖੱਟੀਆਂ ਖਾਂਦਾ ਹੋਇਆ
ਨਿਰਣਾ ਆਪ ਹੀ ਲੈਂਦਾ ਏ
ਖਚਰੀ ਹੱਸੀ
ਤੇ
ਮੁਸਕਾਨ ਅੰਦਰ।

• •

## ਰੰਗ

ਰੰਗ ਰੰਗ ਅੰਦਰ
ਆਪਣੀ ਕਸ਼ਿਸ਼ ਏ
ਇਹ ਰੰਗ ਹੀ ਨੇ
ਰਚਾ ਲੈਂਦੇ ਜਿਹੜੇ ਲੀਲਾ
ਅੱਗਨ ਭੋਗ ਵਿਲਾਸ 'ਚ ਰੁੱਝੇ
'ਤੇ
ਭਰਮਾਂਦੇ ਨੇ
ਸੰਵਾਦ ਦੋਹਰਾਂਦੇ ਹੋਏ
ਕਰ ਰਹੇ ਨੇ ਕਰਮ
ਅੰਤਕਾਲ ਤੋਂ ਹੀ
ਕਿਵੇਂ ਭਾਲਾਂ ਗੇ
ਅਸੀਂ ਵੀ
ਰੰਗਾਂ ਦੀ ਲੀਲਾ ਨੂੰ
ਬਿਖੇਰ ਕੇ
ਆਪਣੀ ਮੁਹੱਬਤ ਅੰਦਰ
ਨਸ਼ਰ ਦੇ ਹਸ਼ਰ ਤੋਂ ਪਰੇ
ਸੋਚਦੇ ਹਾਂ
ਲਾਲ ਔੜਨੀ ਅੰਦਰ
ਮੁਹੱਬਤੀ ਲੀਲਾ ਨੂੰ

• •

## ਜੋਗ ਤੇ ਭੋਗ

ਕਦੀ-ਕਦੀ
ਅਨੁਮਾਨ ਬਿਖਰ ਜਾਂਦੇ
ਪਿਸ ਜਾਂਦੇ ਨੇ
ਇਤਿਹਾਸ ਨੂੰ ਦਰਸਾਉਂਦੇ ਹੋਏ
ਉੱਚੀਆਂ ਆਵਾਜ਼ਾਂ ਨਾਲ
ਦੇਂਦੇ ਹੋਏ ਜੈਕਾਰੇ
ਪ੍ਰਚਾਰਕਾਂ ਦੇ ਭਾਸ਼ਨ
ਨਸ਼ਰ ਕਰ ਦੇਂਦੇ ਨੇ
ਸਾਡੇ ਇਸ ਰਿਸ਼ਤੇ ਨੂੰ
ਦੋ ਕਿਨਾਰੇ ਕਦੀ ਨਹੀਂ ਮਿਲ ਸਕਦੇ
ਇਤਿਹਾਸ ਗਵਾਹ ਏ
ਅਸੀਂ ਸਿਮਟ ਜਾਂਦੇ ਹਾਂ
ਜੁੜ ਕੇ ਭਾਲਦੇ ਹਾਂ
ਕੋਈ ਕੋਨਾ
ਜਿਥੇ
ਨਾ ਕੋਈ ਇਤਿਹਾਸ ਹੋਵੇ
ਨਾ ਪ੍ਰਚਾਰਕ
ਤੇ
ਅਸੀਂ ਵਿਅਸਤ
ਹੋ ਜਾਈਏ
ਵਿਗਿਆਨ ਦੀਆਂ
ਨਵੀਆਂ ਕਾਢਾਂ ਅੰਦਰ
ਆਪੋ ਆਪਣੀ ਲੇਬਾਰਟਰੀ ਅੰਦਰ
ਨਵਾਂ ਇਤਿਹਾਸ
ਰਚਣ ਨੂੰ।

• •

## ਓੜਨੀ

ਕੁਝ ਦਿਨ ਪਹਿਲਾਂ
ਝੁਲੇ ਝੱਖੜ
ਵਰ ਰਹੇ ਮੀਂਹ
ਗੋਲ ਘੇਰੇ ਬਣਾਂਦੀ ਹੋਈ ਆਂਧੀ
ਮਗਰੋਂ
ਸਫ਼ੇਦ ਚਾਦਰ ਬਰਫ਼
ਮਟਮੈਲੇ ਜੇਹੇ ਅੰਦਾਜ਼ ਅੰਦਰ
ਪੈ ਰਹੀ ਸੀ।
ਇਸ ਮਾਹੌਲ ਮਗਰੋਂ
ਇਕ ਚੁੱਪੀ ਸਾਧੀ ਬੈਠੀ ਏ
ਮਾਸੂਮੀਅਤ ਦਾ ਲਬਾਸ ਔੜੀ
ਚਿਲੇ ਕਲਾਨ ਦੀ ਠੰਡ
ਖੁਲ੍ਹੇ ਨੀਲੇ ਅਸਮਾਨ 'ਤੇ
ਟਿਮ-ਟਿਮਾਂਦੇ ਤਾਰੇ।
ਜਿਵੇਂ ਗਹਿਰੀ ਨੀਲ ਖਾਮੋਸ਼ੀ ਨੇ
ਆਪਣੇ ਪਰਾਂ ਹੇਠ ਲੁਕਾਇਆ
ਓੜ ਕੇ ਮਾਸੂਮੀਅਤ ਦੀ ਓੜਨੀ।

• •

## ਅਰਥ

ਅੱਕ ਜਾਂਦਾ ਹਾਂ
ਨਿਤ
ਅਰਥਾਂ
ਅੰਦਰ ਗੁਆਚ ਕੇ
ਜਿਵੇਂ
ਇਹ ਅਰਥ
ਸ਼ਬਦ ਚਿਤਰਾਂ ਨੂੰ
ਆਪੋ ਆਪਣੀ
ਗਹਿਰਾਈ 'ਚ
ਲੁਕਾ ਬੈਠੇ ਨੇ
ਵੇਖ ਰਹੇ ਨੇ
ਸੋਚ ਦੇ ਜਸ਼ਨ ਨੂੰ
ਖਰੋਚ ਖਰੋਚ ਕੇ
ਲਹੂ ਲੁਹਾਨ ਕਰ ਲੈਂਦੇ ਨੇ
ਅੱਖਰਾਂ ਦੇ ਮੁਹਾਂਦਰੇ
ਸਮਾ ਕੇ
ਆਪਣੇ ਹੀ ਅਰਥਾਂ ਅੰਦਰ।

• •

## ਪਰਛਾਵੇਂ

ਰਾਸ
ਰਚਾ ਲੈਂਦਾ ਹੈ
ਲਿਸ਼ਕਣੀਆਂ ਬਿਜਲੀਆਂ ਦਾ
ਝਮਕ ਜਾਂਦੀਆਂ ਨੇ
ਮੇਰੀਆਂ ਅੱਖਾਂ
ਬੁਲ ਲਰਜ਼ ਕੇ
ਕੰਬ ਜਾਂਦੇ
ਪਰਛਾਵਿਆਂ ਨੂੰ ਵੇਖ ਕੇ।
ਕਈ ਪਰਛਾਵੇਂ
ਉਮਡਦੇ ਨੇ ਮਿਟਦੇ ਨੇ
ਕਦੀ ਪਰਬਤਾਂ ਤੇ
ਕਦੀ ਵਿਸ਼ਾਲ
ਦੂਰ ਤੀਕ ਧਰਤੀ ਤੇ।
ਇਨ੍ਹਾਂ ਤਿਲੱਸਮੀ ਦ੍ਰਿਸ਼ਾਂ ਅੰਦਰ
ਪਲ ਭਰ ਲਈ ਭੁੱਲ ਜਾਂਦਾ
ਤੇ
ਗੁਆਚ ਜਾਂਦਾ
ਪਰਛਾਵਿਆਂ ਅੰਦਰ
ਆਪਣੇ ਆਪ ਨੂੰ
ਲੁਭਾਉਂਦਾ ਹੋਇਆ
ਬਸ!

• •

## ਫ਼ਿਤਰਤ

ਠੰਡ ਦਾ ਅਹਿਸਾਸ
ਘਰ ਦੀ ਸਰਦਲ
ਅਤੇ ਭੁੱਬਲ ਤੇ ਬੈਠਿਆਂ
ਕਈ ਅੰਤਰਾਂ
ਅੰਦਰ
ਅਸੀਂ
ਗੁਆਚ ਜਾਂਦੇ ਹਾਂ
’ਤੇ
ਉਡਣ ਲਗਦੇ ਹਾਂ
ਆਪੋ ਆਪਣੀ ਪਰਵਾਜ਼
ਇੰਝ
ਨਾਟਕੀ ਦ੍ਰਿਸ਼ਾਂ ਨੂੰ
ਪਰਦੇ ਅੰਦਰ ਤੇ ਬਾਹਰ
ਠੰਡੇ ਹੋਣ ਦਾ
ਅਹਿਸਾਸ
ਆਪਣੀ ਹੀ
ਬੁਕਲ ਦੇ ਸੇਕ ਅੰਦਰ
ਆਲਸ ਵਿਚ
ਗੁਆਚ ਜਾਂਦੇ ਹਾਂ
ਆਪਣੀ
ਫ਼ਿਤਰਤ ਵਾਂਗ

• •

## ਘਰ

ਰਵਾਇਤ ਵਜੋਂ
ਘਰ
ਚੁਗਾਠਾਂ ਅੰਦਰ
ਭੀੜਿਆਂ ਰਹਿੰਦਾ
ਅਯਾਸ਼ੀ
ਘੇਰੇ ਅੰਦਰ
ਲੁਕੀ ਏ
ਘਰ
ਆਵਾਜ਼ ਨੂੰ
ਦੱਬੀ ਬੈਠਾ ਏ
ਘਰ
ਅੰਦਰ
ਪਿੰਜਰਾ
ਕਿਸ਼ਤ ਦਰ ਕਿਸ਼ਤ
ਜੀਣਾ ਨਹੀਂ
ਸੱਖਣਾ ਘਰ
ਘੂਰੀ ਜਾਂਦੈ
ਰਵਾਇਤ ਤੋਂ ਸੱਚ ਤੱਕ।

• •

## ਮੁਹੱਬਤ ਦੀ ਖੇਡ

ਕਦੀ ਕਦੀ
ਤੂੰ
ਨੀਤੀ ਰਾਜਨੀਤੀ
ਖੇਡ ਜਾਂਦੀ ਏਂ
ਤੇ
ਮੈਨੂੰ ਨਹੀਂ ਆਂਉਦੀ
ਖੇਡਣੀ
ਸੱਤਾ ਦੀ ਖੇਡ
ਅੰਦਰੋਂ ਅੰਦਰ ਵਹਿਣਾ।
ਤੇਰੇ ਕੋਲ ਹੋ ਕੇ
ਉੱਚੀ ਸੁਰ ਮੇਰੀ
ਦਬ ਜਾਂਦੀ ਏ
ਮੈਂ ਨਹੀਂ ਕਰ ਪਾਂਉਦਾ
ਫ਼ੈਸਲਾ
ਤੈਨੂੰ ਦਿੱਤੇ
ਕੌਲ਼ ਕਰਾਰਾਂ ਦਾ
ਤੇਰੀ ਇੱਕੋ ਤੱਕਣੀ ਅੰਦਰ
ਨਿਸਲ ਹੋ ਜਾਂਦਾ ਹਾਂ
ਅੰਦਰੋਂ ਅੰਦਰ ਹੀ
ਫ਼ਸਦਾ ਹੋਇਆ
ਤੇਰੀਆਂ ਚਾਲਾਂ ਦੇ ਜਾਲਾਂ 'ਚ
ਨਿਸਲਦਾ ਰਹਿੰਦਾ
ਖ਼ਾਮੋਸ਼
ਚੁੱਪੀ ਦੀ ਚਾਦਰ ਔੜ ਕੇ!

• •

# ਵਹਿਣ

ਰੋਜ਼
ਤਰਦੇ ਨੇ
ਫ਼ਸਾਨੇ
ਅੱਗੇ ਦਾ ਦਰਿਆ
ਕਦੀ ਘਟਨਾ ਬਣਕੇ
ਕਦੀ ਵਾਪਰੇ ਦੇ ਹਮਾਇਤੀ
ਚੁੱਪ ਦਾ ਦਰਿਆ
ਵਹਿਣ 'ਚ
ਵਹਿ ਰਿਹਾ ਏ
ਪੰਛੀ
ਆਪਣੇ ਵੇਗ ਅੰਦਰ
ਉੱਡਦੇ ਨੇ
ਖੰਭ ਪਸਾਰਦੇ ਹੋਏ
ਰੋਜ਼
ਇੰਝ ਹੀ
ਸੁਪਨੇ ਉਮੜਦੇ ਨੇ
ਅਲੋਪ ਹੋਣ ਲਈ।

• •